ਪੰਜਾਬ ਸਟਾਰ www.punjabstar.com

# ਰਾਸ਼ਟਰਪਤੀ ਪੂਤਿਨ ਦਾ ਪੰਜਵਾਂ ਕਾਰਜਕਾਲ ਸ਼ੁਰੂ



ਪੰਜਾਬ ਸਟਾਰ ਬਿਊਰੋ

ਮਾਸਕੋ : ਵਲਾਦੀਮੀਰ ਪੂਤਿਨ ਨੇ ਰੂਸ ਦੇ ਰਾਸ਼ਟਰਪਤੀ ਵਜੋਂ ਆਪਣਾ ਪੰਜਵਾਂ ਕਾਰਜਕਾਲ ਸ਼ੁਰੂ ਕਰ ਦਿੱਤਾ ਹੈ। ਆਪਣੇ ਸਿਆਸੀ ਵਿਰੋਧੀਆਂ ਨੂੰ ਠਿੱਬੀ ਲਾਉਣ, ਯੂਕਰੇਨ ਖਿਲਾਫ਼ ਜੰਗ ਛੇੜਨ ਤੇ ਸਾਰੀ ਤਾਕਤ ਆਪਣੇ ਹੱਥਾਂ ਵਿਚ ਰੱਖਣ ਮਗਰੋਂ ਪੂਤਿਨ ਨੂੰ 6 ਸਾਲਾਂ ਦਾ ਇਕ ਹੋਰ ਕਾਰਜਕਾਲ ਮਿਲਿਆ ਹੈ। ਪੂਤਿਨ ਕਰੀਬ ਢਾਈ ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਹਨ। ਜੋਸਫ਼ ਸਟਾਲਿਨ ਮਗਰੋਂ ਪੂਤਿਨ ਦੂਜੇ ਕਰੈਮਲਿਨ ਆਗੂ ਹਨ, ਜਿਨ੍ਹਾਂ ਨੂੰ ਲੰਮਾ ਸਮਾਂ ਸੱਤਾ ਵਿਚ ਬਣੇ ਰਹਿਣ ਦਾ ਸੁਭਾਗ ਹਾਸਲ ਹੋਇਆ ਹੈ। ਪੂਤਿਨ ਦਾ ਨਵਾਂ ਕਾਰਜਕਾਲ 2030 ਤੱਕ ਖਤਮ ਨਹੀਂ ਹੁੰਦਾ, ਜਦੋਂ ਉਹ ਸੰਵਿਧਾਨਕ ਤੌਰ 'ਤੇ ਮੁੜ ਚੋਣ ਲੜਨ ਦੇ ਯੋਗ ਹੋ ਜਾਣਗੇ। ਪੂਤਿਨ ਨੇ ਵਿਸ਼ਾਲ ਕਰੈਮਲਿਨ ਪੈਲੇਸ ਵਿਚ ਰੱਖੀ ਰਸਮ ਦੌਰਾਨ ਰੂਸੀ ਸੰਵਿਧਾਨ 'ਤੇ ਹੱਥ ਰੱਖ ਕੇ ਨਵੇਂ ਰਾਸ਼ਟਰਪਤੀ ਵਜੋਂ ਹਲਫ਼ ਲਿਆ। ਪੂਤਿਨ ਨੇ 1999 ਵਿਚ ਰਾਸ਼ਟਰਪਤੀ ਬੋਰਿਸ ਯੇਲਤਸਿਨ ਤੋਂ ਸੱਤਾ ਆਪਣੇ ਹੱਥ ਵਿਚ ਲਈ ਸੀ। ਪੂਤਿਨ ਨੇ ਰੂਸ ਨੂੰ ਆਰਥਿਕ ਸੰਕਟ ਵਿਚੋਂ ਕੱਢਿਆ। ਸਾਲ 2022 ਵਿਚ ਯੂਕਰੇਨ 'ਤੇ ਕੀਤੀ ਚੜ੍ਹਾਈ, ਜੋ ਦੂਜੀ ਆਲਮੀ ਜੰਗ ਮਗਰੋਂ ਯੂਰੋਪ ਦਾ ਸਭ ਤੋਂ ਵੱਡਾ ਟਕਰਾਅ ਬਣ ਗਿਆ, ਤੋਂ ਬਾਅਦ ਪੱਛਮ ਨੇ ਰੂਸ 'ਤੇ ਵੱਡੀਆਂ ਪਾਬੰਦੀਆਂ ਲਾਈਆਂ, ਜਿਸ ਕਰਕੇ ਰੂਸ ਨੂੰ ਚੀਨ, ਇਰਾਨ ਤੇ ਉੱਤਰ ਕੋਰੀਆ ਜਿਹੇ ਨਿਜ਼ਾਮਾਂ ਵੱਲ ਹੱਥ ਵਧਾਉਣਾ ਪਿਆ। ਘਰ ਵਿਚ ਪੂਤਿਨ ਦੀ ਮਕਬੂਲੀਅਤ ਆਮ ਰੂਸੀ ਲੋਕਾਂ ਦੇ ਰਹਿਣ ਸਹਿਣ ਦੇ ਮਿਆਰ ਵਿਚ ਸੁਧਾਰ ਨਾਲ ਜੁੜੀ ਹੈ। ਪੂਤਿਨ ਨੇ 2018 ਵਿਚ ਆਪਣਾ ਕਾਰਜਕਾਲ ਇਸ ਵਾਅਦੇ ਨਾਲ ਸ਼ੁਰੂ ਕੀਤਾ ਸੀ ਕਿ ਉਹ ਰੂਸ ਨੂੰ ਸਿਖਰਲੇ ਪੰਜ ਅਰਥਚਾਰਿਆਂ ਵਿਚ ਸ਼ਾਮਲ ਕਰਨਗੇ। ਹਾਲਾਂਕਿ ਇਸ ਦੀ ਥਾਂ ਜੰਗੀ ਪੱਧਰ 'ਤੇ ਰੂਸੀ ਅਰਥਚਾਰੇ ਦਾ ਧਰੁਵੀਕਰਨ ਹੋਇਆ ਤੇ ਅਥਾਰਿਟੀਜ਼ ਨੇ ਰਿਕਾਰਡ ਪੈਸਾ ਰੱਖਿਆ 'ਤੇ ਖਰਚ ਕੀਤਾ। ਸਮੀਖਿਆਂ ਦਾ ਕਹਿਣਾ ਹੈ ਕਿ ਪੂਤਿਨ ਨੂੰ ਹੁਣ ਜਦੋਂ ਛੇ ਸਾਲ ਹੋਰ ਮਿਲ ਗਏ ਹਨ ਤਾਂ ਸਰਕਾਰ ਯੂਕਰੇਨ ਨਾਲ ਜਾਰੀ ਜੰਗ ਲਈ ਫੰਡਿੰਗ ਵਾਸਤੇ ਟੈਕਸ ਵਧਾਉਣ ਜਿਹੀ ਪੇਸ਼ਕਦਮੀ ਕਰ ਸਕਦੀ ਹੈ।

## ਸਾਬਕਾ ਪਤੀ ਨੂੰ ਕਿਹਾ ਗੁੱਡਬਾਏ, ਪਹਿਲਾਂ ਬੇਟੇ ਦੇ ਸਿਰ 'ਚ ਮਾਰੀ ਗੋਲੀ, ਮਗਰੋਂ ਖ਼ੁਦ ਵੀ ਕੀਤੀ ਆਤਮ ਹੱਤਿਆ



ਅਮਰੀਕਾ ਦੇ ਟੈਕਸਾਸ ਵਿੱਚ ਇੱਕ ਮਹਿਲਾ ਅਤੇ ਉਸਦੇ ਤਿੰਨ ਸਾਲ ਦੇ ਬੇਟੇ ਦੀ ਮੌਤ ਦੀ ਘਟਨਾ ਦਾ ਖੁਲਾਸਾ ਹੋਇਆ ਹੈ। ਪੁਲਿਸ ਅਧਿਕਾਰੀਆਂ ਨੇ ਖੁਲਾਸਾ ਕੀਤਾ ਕਿ 32 ਸਾਲਾ ਔਰਤ ਨੇ ਪਹਿਲਾਂ ਆਪਣੇ ਤਿੰਨ ਸਾਲ ਦੇ ਬੇਟੇ ਨੂੰ ਗੋਲੀ ਮਾਰੀ ਅਤੇ ਫਿਰ ਖੁਦਕੁਸ਼ੀ ਕਰ ਲਈ। ਮਹਿਲਾ ਅਤੇ ਉਸ ਦੇ ਬੇਟੇ ਦੀ ਮੌਤ ਦਾ ਭੇਤ ਉਸ ਦੀ 21 ਸੈਕਿੰਡ ਦੀ ਵੀਡੀਓ ਨੇ ਖੋਲ੍ਹਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਔਰਤ ਪਿਛਲੇ ਕੁਝ ਦਿਨਾਂ ਤੋਂ ਮਾਨਸਿਕ ਤਣਾਅ ਤੋਂ ਗੁਜਰ ਰਹੀ ਸੀ ਅਤੇ ਉਸ ਦਾ ਆਪਣੇ ਸਾਬਕਾ ਪਤੀ ਨਾਲ ਤਕਰਾਰ ਚੱਲ ਰਿਹਾ ਸੀ। ਮਰਨ ਤੋਂ ਪਹਿਲਾਂ ਉਸਨੇ ਆਪਣੇ ਪੁੱਤਰ ਤੋਂ ਉਸ ਦੇ ਪਿਤਾ ਨੂੰ ਅਲਵਿਦਾ ਕਹਿਲਾਇਆ ਸੀ। ਫਿਰ ਮੈਸੇਜ ਭੇਜਦੇ ਹੋਏ ਕਿਹਾ ਕਿ ਆਪਣੇ ਪੁੱਤਰ ਨੂੰ ਅਲਵਿਦਾ ਕਹੋ। 'ਦਿ ਨਿਊਯਾਰਕ ਪੋਸਟ' 'ਚ ਛਪੀ ਖਬਰ ਮੁਤਾਬਕ ਔਰਤ ਦਾ ਨਾਂ ਸਵਾਨਾ ਕ੍ਰੀਗਰ ਸੀ। ਉਸ ਨੇ ਪਹਿਲਾਂ ਆਪਣੇ ਤਿੰਨ ਸਾਲ ਦੇ ਬੇਟੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਫਿਰ ਪਿਸਤੌਲ ਨਾਲ ਖੁਦ ਨੂੰ ਗੋਲੀ ਮਾਰ ਲਈ। ਇਹ ਦੁਖਦਾਈ ਘਟਨਾ 19 ਮਾਰਚ ਨੂੰ ਸੈਨ ਐਂਟੋਨੀਓ ਦੇ ਇੱਕ ਪਾਰਕ ਵਿੱਚ ਵਾਪਰੀ ਸੀ। ਕ੍ਰੀਗਰ ਅਤੇ ਉਸਦਾ ਪੁੱਤਰ ਕੈਡੇਨ ਸਿਰ 'ਤੇ ਗੋਲੀ ਲੱਗਣ ਕਾਰਨ ਮ੍ਰਿਤਕ ਪਾਏ ਗਏ ਹਨ।






## ਅਮਰੀਕਾ ਦੇ ਮਿਸੌਰੀ ਸੂਬੇ ਦੇ ਬਜ਼ੁਰਗ ਨੇ ਬੀਮਾਰ ਪਤਨੀ ਦਾ ਗਲਾ ਘੁੱਟ ਕੇ ਮਾਰਿਆ



ਨਿਊਯਾਰਕ, (ਰਾਜ ਗੋਗਨਾ )- ਬੀਤੇਂ ਦਿਨ ਅਮਰੀਕਾ ਦੇ ਮਿਸੂਰੀ ਦੇ ਇੱਕ ਬਜ਼ੁਰਗ ਪਤੀ ਨੇ ਆਪਣੀ ਬਿਮਾਰ ਪਤਨੀ ਦੀ ਹੱਤਿਆ ਕਰਨ ਦਾ ਅਦਾਲਤ ਵਿੱਚ ਇਕਬਾਲ ਕਰਨ ਤੋਂ ਬਾਅਦ ਹੁਣ ਸਲਾਖਾਂ ਦੇ ਪਿੱਛੇ ਹੈ ਕਿਉਂਕਿ , ਉਹ ਡਾਕਟਰੀ ਖਰਚਿਆਂ ਦਾ ਭੁਗਤਾਨ ਨਹੀਂ ਕਰਨਾ ਚਾਹੁੰਦਾ ਸੀ। ਫੋਕਸ-4 ਦੁਆਰਾ ਪ੍ਰਾਪਤ ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਰੋਨੀ ਵਿਗਸ, ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦਾ ਮੂੰਹ ਢੱਕਿਆ ਹੋਇਆ ਸੀ ਜਦੋਂ ਉਹ ਹਸਪਤਾਲ ਦੇ ਬਿਸਤਰੇ ਵਿੱਚ ਲੇਟ ਗਈ ਸੀ, ਜਿਸ ਤੋਂ ਪਹਿਲਾਂ ਉਸ ਨੇ ਗਲੇ ਵਿੱਚ ਆਪਣੇ ਹੱਥਾਂ ਨਾਲ ਦਬਾ ਦਿੱਤਾ ਤੇ ਉਸ ਦੀ ਜਾਨ ਲੈ ਲਈ, ਉਸ ਦੀ ਪਤਨੀ, ਦਾ ਅਦਾਲਤ ਦੇ ਦਸਤਾਵੇਜ਼ਾਂ ਵਿੱਚ ਨਾਮ ਨਹੀਂ ਦੱਸਿਆ ਗਿਆ। ਬੀਤੇਂ ਦਿਨੀ ਉਹ ਸ਼ੁੱਕਰਵਾਰ ਦੀ ਰਾਤ ਨੂੰ ਡਾਇਲਸਿਸ ਪੋਰਟ ਨੂੰ ਬਦਲਣ ਲਈ ਸੈਂਟਰਪੁਆਇੰਟ ਮੈਡੀਕਲ ਸੈਂਟਰ ਵਿੱਚ ਰਹਿ ਰਹੀ ਸੀ ਜਦੋਂ ਇਸ ਹਮਲੇ ਦੀਆਂ ਰਿਪੋਰਟਾਂ 'ਤੇ ਅਧਿਕਾਰੀਆਂ ਨੂੰ ਉਸਦੇ ਵਾਰਡ ਵਿੱਚ ਬੁਲਾਇਆ ਗਿਆ ਸੀ।

ਰੌਨੀ ਵਿਗਸ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦੀਆਂ ਚੀਕਾਂ ਨੂੰ ਦਬਾਉਣ ਅਤੇ ਫਿਰ ਉਸਦੇ ਨੰਗੇ ਹੱਥਾਂ ਨਾਲ ਗਲਾ ਘੁੱਟਣ ਦਾ ਇਕਬਾਲ ਵੀ ਕੀਤਾ। ਪੁਲਿਸ ਵਿਭਾਗ ਨੇ ਉਸ ਨੂੰ ਆਪਣੇ ਬਿਸਤਰੇ ਵਿੱਚ ਗੈਰ-ਜਵਾਬਦੇਹ ਅਤੇ ਬੰਦ ਹੋਈ ਨਬਜ਼ ਦੇ ਪਾਈ ਗਈ ਸੀ, ਜਦੋਂ ਕਿ ਗਵਾਹਾਂ ਨੇ ਦੱਸਿਆ ਕਿ ਉਸਦੀ ਗਰਦਨ 'ਤੇ ਸ਼ੱਕੀ ਨਿਸ਼ਾਨ ਵੀ ਸਨ। ਵਿਗਸ, ਜਿਸ ਦੀ ਉਮਰ ਸਥਾਨਕ ਮੀਡੀਆ ਦੁਆਰਾ 75 ਜਾਂ 76 ਸਾਲ ਦੇ ਕਰੀਬ ਦੱਸੀ ਗਈ ਸੀ, ਹਸਪਤਾਲ ਤੋਂ ਭੱਜ ਗਿਆ, ਪਹਿਲਾਂ ਕਿਤੇ ਵੀ ਨਹੀਂ ਮਿਲਿਆ, ਪਰ ਉਹ ਬਾਅਦ ਵਿੱਚ ਉਹ ਵਾਪਸ ਆ ਗਿਆ ਅਤੇ ਕਥਿਤ ਤੌਰ 'ਤੇ ਕਤਲ ਦਾ ਇਕਬਾਲ ਕਰ ਲਿਆ।

## ਇਜ਼ਰਾਇਲੀ ਸੈਨਾ ਦੇ ਟੈਂਕ ਦੱਖਣੀ ਗਾਜ਼ਾ ਦੇ ਸ਼ਹਿਰ ਰਾਫਾਹ 'ਚ ਦਾਖ਼ਲ



ਯੇਰੂਸ਼ਲਮ : ਇਜ਼ਰਾਇਲੀ ਟੈਂਕ ਦੱਖਣੀ ਗਾਜ਼ਾ ਸ਼ਹਿਰ ਰਾਫਾਹ ਵਿੱਚ ਦਾਖ਼ਲ ਹੋ ਗਏ ਹਨ ਅਤੇ ਗੁਆਂਢੀ ਦੇਸ਼ ਮਿਸਰ ਦੇ ਨਾਲ ਇਸ ਦੀ ਸਰਹੱਦ ਤੋਂ ਲਗਪਗ 200 ਮੀਟਰ ਅੰਦਰ ਤੱਕ ਪਹੁੰਚ ਗਏ ਹਨ। ਫਲਸਤੀਨੀ ਦੇ ਸੁਰੱਖਿਆ ਅਧਿਕਾਰੀ ਅਤੇ ਮਿਸਰ ਦੇ ਇੱਕ ਅਧਿਕਾਰੀ ਨੇ ਇਹ ਦਾਅਵਾ ਕੀਤਾ ਹੈ। ਇਹ ਕਦਮ ਹਮਾਸ ਵੱਲੋਂ ਮਿਸਰ ਅਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਚੁੱਕਿਆ ਗਿਆ ਹੈ।

ਮਿਸਰ ਦੇ ਅਧਿਕਾਰੀ ਨੇ ਕਿਹਾ ਕਿ ਜਾਪਦਾ ਹੈ ਕਿ ਅਪਰੇਸ਼ਨ ਦਾ ਘੇਰਾ ਸੀਮਤ ਸੀ। ਉਸ ਨੇ ਅਤੇ ਹਮਾਸ ਦੇ ਅਲ-ਅਕਸਾ ਟੀਵੀ ਨੇ ਕਿਹਾ ਕਿ ਇਜ਼ਰਾਇਲੀ ਅਧਿਕਾਰੀਆਂ ਨੇ ਮਿਸਰ ਵਾਸੀਆਂ ਨੂੰ ਸੂਚਿਤ ਕੀਤਾ ਕਿ ਕਾਰਵਾਈ ਪੂਰੀ ਹੋਣ ਮਗਰੋਂ ਫੌਜ ਵਾਪਸ ਚਲੀ ਜਾਵੇਗੀ। ਉਧਰ, ਇਜ਼ਰਾਇਲੀ ਫੌਜ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਐਤਵਾਰ ਨੂੰ ਰਾਫਾਹ ਬਾਰਡਰ ਨੇੜੇ ਹਮਾਸ ਦੇ ਲੜਾਕਿਆਂ ਨੇ ਦੱਖਣੀ ਇਜ਼ਰਾਈਲ ਵਿੱਚ ਮੋਰਟਾਰ ਦਾਗੇ, ਜਿਸ ਵਿੱਚ ਚਾਰ ਇਜ਼ਰਾਇਲੀ ਫੌਜੀਆਂ ਦੀ ਮੌਤ ਹੋ ਗਈ।

ਇਜ਼ਰਾਇਲੀ ਆਗੂਆਂ ਵੱਲੋਂ ਗਾਜ਼ਾ ਪੱਟੀ ਦੇ ਰਾਫਾਹ ਸ਼ਹਿਰ ਵਿੱਚ ਫੌਜੀ ਕਾਰਵਾਈ ਨੂੰ ਮਨਜ਼ੂਰੀ ਦਿੱਤੇ ਜਾਣ ਮਗਰੋਂ ਇਜ਼ਰਾਈਲ ਦੀ ਫੌਜ ਇਲਾਕੇ ਵਿੱਚ ਹਮਾਸ ਦੇ ਟਿਕਾਣਿਆਂ 'ਤੇ ਹਮਲੇ ਕਰ ਰਹੀ ਹੈ। ਇਹ ਕਦਮ ਹਮਾਸ ਵੱਲੋਂ ਮਿਸਰ ਅਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਚੁੱਕਿਆ ਗਿਆ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਨੇ ਕਿਹਾ ਕਿ ਇਹ ਪ੍ਰਸਤਾਵ 'ਇਜ਼ਰਾਈਲ ਦੀਆਂ ਪ੍ਰਮੁੱਖ ਮੰਗਾਂ ਮੁਤਾਬਕ' ਨਹੀਂ ਹੈ, ਪਰ ਉਹ ਫਿਰ ਵੀ ਜੰਗਬੰਦੀ ਸਮਝੌਤੇ 'ਤੇ ਗੱਲਬਾਤ ਜਾਰੀ ਰੱਖਣ ਲਈ ਵਾਰਤਾਕਾਰਾਂ ਨੂੰ ਭੇਜੇਗਾ।

ਹਮਾਸ ਨੇ ਸੋਮਵਾਰ ਨੂੰ ਐਲਾਨ ਕੀਤਾ ਸੀ ਉਸਨੇ ਮਿਸਰ ਤੇ ਕਤਰ ਦੇ ਜੰਗਬੰਦੀ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਪਰ ਇਜ਼ਰਾਈਲ ਨੇ ਕਿਹਾ ਕਿ ਉਹ ਇਸ ਪ੍ਰਸਤਾਵ ਦਾ ਅਧਿਐਨ ਕਰ ਰਿਹਾ ਹੈ। ਇਸ ਕਾਰਨ ਇਹ ਯਕੀਨੀ ਨਹੀਂ ਹੈ ਕਿ ਗਾਜ਼ਾ ਵਿੱਚ ਸੱਤ ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਰੋਕਣ ਲਈ ਕੋਈ ਸਮਝੌਤਾ ਹੋਇਆ ਹੈ ਜਾਂ ਨਹੀਂ। ਇਹ ਸਮਝੌਤਾ ਹੋਰ ਖ਼ੂਨ-ਖ਼ਰਾਬੇ ਦੀ ਸੰਭਾਵਨਾ ਨੂੰ ਰੋਕਣ ਲਈ ਉਮੀਦ ਦੀ ਕਿਰਨ ਸੀ। ਕੁਝ ਘੰਟੇ ਪਹਿਲਾਂ, ਇਜ਼ਰਾਈਲ ਨੇ ਲਗਪਗ ਇਕ ਲੱਖ ਫਲਸਤੀਨੀਆਂ ਨੂੰ ਦੱਖਣੀ ਗਾਜ਼ਾ ਸ਼ਹਿਰ ਰਫਾਹ ਨੂੰ ਖਾਲੀ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਤੋਂ ਸੰਕੇਤ ਗਿਆ ਸੀ ਛੇਤੀ ਹੀ ਹਮਲਾ ਕੀਤਾ ਜਾਵੇਗਾ। ਅਮਰੀਕਾ ਅਤੇ ਇਜ਼ਰਾਈਲ ਦੇ ਹੋਰ ਪ੍ਰਮੁੱਖ ਸਹਿਯੋਗੀ ਰਾਫਾਹ 'ਤੇ ਹਮਲੇ ਦਾ ਵਿਰੋਧ ਕਰ ਰਹੇ ਹਨ। ਇਸ ਸ਼ਹਿਰ ਵਿੱਚ ਲਗਪਗ 14 ਲੱਖ ਫਲਸਤੀਨੀਆਂ ਨੇ ਸ਼ਰਨ ਲੈ ਰੱਖੀ ਹੈ, ਜੋ ਗਾਜ਼ਾ ਦੀ ਅੱਧੀ ਤੋਂ ਵੱਧ ਆਬਾਦੀ ਦੇ ਬਰਾਬਰ ਹਨ।

## ਮਹਿਲਾ ਨੂੰ ਹੋਈ ਅਜਿਹੀ ਅਜੀਬ ਬੀਮਾਰੀ, ਪਾਣੀ ਛੂਹਦੇ ਹੀ ਸਰੀਰ ਦਾ ਹੋ ਜਾਂਦਾ ਹੈ ਬੁਰਾ ਹਾਲ

ਦੁਨੀਆ ਵਿਚ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਤੋਂ ਐਲਰਜੀ ਹੈ। ਕੁਝ ਲੋਕਾਂ ਨੂੰ ਤਾਂ ਖਾਣ-ਪੀਣ ਦੀਆਂ ਚੀਜ਼ਾਂ ਤੋਂ ਵੀ ਐਲਰਜੀ ਹੋ ਜਾਂਦੀ ਹੈ ਤੇ ਇਹ ਕਾਫੀ ਅਜੀਬ ਹੁੰਦਾ ਹੈ। ਅਜਿਹੀ ਹੀ ਇਕ ਮਹਿਲਾ ਅੱਜ ਕਲ ਕਾਫੀ ਚਰਚਾ ਵਿਚ ਹੈ, ਜਿਸ ਨੂੰ ਇਕ ਅਜਿਹੀ ਚੀਜ ਤੋਂ ਐਲਰਜੀ ਹੈ ਜੋ ਇਨਸਾਨ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਜੀ ਹਾਂ, ਇਹ ਚੀਜ਼ ਹੈ ਪਾਣੀ। ਦਰਅਸਲ ਏਬੀ ਨਾਂ ਦੀ ਇਸ ਮਹਿਲਾ ਨੂੰ ਪਾਣੀ ਤੋਂ ਐਲਰਜੀ ਹੈ। ਉਸ ਨੇ ਖੁਦ ਆਪਣੀ ਸਥਿਤੀ ਬਾਰੇ ਦੱਸਿਆ ਕਿ ਇਹ ਉਸ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਐਬੀ ਨੇ ਦੱਸਿਆ ਕਿ ਉਸ ਨੂੰ ਐਕਵਾਜੇਨਿਕ ਛਪਾਕੀ ਨਾਂ ਦੀ ਬੀਮਾਰੀ ਹੈ, ਜਿਸ ਕਾਰਨ ਪਾਣੀ ਦੇ ਸੰਪਰਕ ਵਿਚ ਆਉਣ 'ਤੇ ਉਸ ਦੀ ਚਮੜੀ 'ਤੇ ਛਪਾਕੀ ਦਿਖਾਈ ਦਿੰਦੀ ਹੈ, ਜਿਸ ਨੂੰ ਧੱਫੜ ਵੀ ਕਿਹਾ ਜਾਂਦਾ ਹੈ। ਅਸਲ ਵਿੱਚ, 'ਐਕਵਾਜੇਨਿਕ ਛਪਾਕੀ' ਇੱਕ ਬਹੁਤ ਹੀ ਦੁਰਲੱਭ ਸਥਿਤੀ ਹੈ। ਦੁਨੀਆ ਭਰ ਵਿੱਚ ਇਸ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਉਂਦੇ ਹਨ। ਇਸ ਬਿਮਾਰੀ ਤੋਂ ਪੀੜਤ ਵਿਅਕਤੀ ਜਦੋਂ ਪਾਣੀ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਉਸ ਦੀ ਚਮੜੀ ਵਿਚ ਸੋਜ, ਖਾਰਿਸ਼ ਅਤੇ ਜਲਨ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਲੱਛਣ ਪਾਣੀ ਦੇ ਸੰਪਰਕ ਵਿਚ ਆਉਣ ਤੋਂ ਕੁਝ ਮਿੰਟਾਂ ਬਾਅਦ ਹੀ ਦਿਖਾਈ ਦੇਣ ਲੱਗ ਪੈਂਦੇ ਹਨ।

ਐਬੀ ਨੇ ਦੱਸਿਆ ਕਿ ਜਦੋਂ ਲੋਕ ਮੈਨੂੰ ਪੁੱਛਦੇ ਹਨ ਕਿ ਤੁਸੀ ਕਿਵੇਂ ਨਹਾਉਂਦੇ ਹੋਏ। ਇਹ ਮੇਰੀ ਲਈ ਹਮੇਸ਼ਾ ਵੱਡਾ ਸਵਾਲ ਹੁੰਦਾ ਹੈ। ਮੈਂ ਲੋਕਾਂ ਨੂੰ ਦੱਸਦੀ ਹਾਂ ਕਿ ਮੈਂ ਹਰ ਕਿਸੇ ਦੀ ਤਰ੍ਹਾਂ ਦੀ ਨਹਾਉਂਦੀ ਹਾਂ ਤੇ ਅਜੇ ਵੀ ਹਰ ਹਫਤੇ ਸਾਧਾਰਨ ਤੌਰ ਤੋਂ ਇਸਨਾਨ ਕਰਦੀ ਹਾਂ ਪਰ ਮੈਂ ਇਸ ਨੂੰ ਘੱਟ ਰੱਖਣ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਸ਼ਾਵਰ ਵਿਚ ਘੱਟ ਤੋਂ ਘੱਟ ਸਮਾਂ ਬਿਤਾਉਂਦੀ ਹਾਂ ਤਾਂ ਕਿ ਚਕਤਿਆਂ ਦਾ ਨਿਕਲਣਾ ਓਨਾ ਬੁਰਾ ਨਾ ਸਾਬਤ ਹੋਵੇ।










# ...ਜਦੋਂ ਕੈਪਟਨ ਨੂੰ ਮਿਲਣ ਲਈ ਮੰਨਣ 'ਤੇ ਟਰੂਡੋ ਨੂੰ ਮਿਲੀ ਲੈਂਡਿੰਗ ਦੀ ਇਜਾਜ਼ਤ, ਹਵਾ 'ਚ ਘੁੰਮਦਾ ਰਿਹਾ ਸੀ ਜਹਾਜ਼



ਪੰਜਾਬ ਸਟਾਰ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਫਰਵਰੀ 2018 ਵਿੱਚ ਪੰਜਾਬ ਦਾ ਦੌਰਾ ਕੀਤਾ ਸੀ। ਇਸ ਦੌਰਾਨ ਉਨ੍ਹਾਂ ਦੀ ਫਲਾਈਟ ਨੂੰ ਉਦੋਂ ਤੱਕ ਅੰਮ੍ਰਿਤਸਰ 'ਚ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਜਦੋਂ ਤੱਕ ਉਹ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਲਈ ਰਾਜ਼ੀ ਨਹੀਂ ਹੋ ਸਨ। ਕੈਨੇਡੀਅਨ ਅਖਬਾਰ ਗਲੋਬ ਐਂਡ ਮੇਲ ਨੇ ਆਪਣੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਹੈ।

ਅਖਬਾਰ ਦੀ ਰਿਪੋਰਟ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ ਵਿੱਚ ਤਿੰਨ ਪੰਜਾਬੀ ਨੌਜਵਾਨਾਂ ਦੀ ਗ੍ਰਿਫ਼ਤਾਰੀ ਦੇ ਦਿਨਾਂ ਦੇ ਅੰਦਰ ਆਈ ਹੈ। ਇਸ ਹੱਤਿਆਕਾਂਡ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਦੋਸ਼ਾਂ ਕਾਰਨ ਕੈਨੇਡਾ ਅਤੇ ਭਾਰਤ ਦੇ ਕੂਟਨੀਤਕ ਸਬੰਧ ਪਹਿਲਾਂ ਹੀ ਤਣਾਅਪੂਰਨ ਹਨ। ਰਿਪੋਰਟ ਮੁਤਾਬਿਕ ਅਮਰਿੰਦਰ ਨੇ ਟਰੂਡੋ ਨੂੰ 21 ਫਰਵਰੀ, 2018 ਨੂੰ ਅੰਮ੍ਰਿਤਸਰ ਵਿੱਚ ਹੋਈ ਮੀਟਿੰਗ ਦੌਰਾਨ ਕੈਨੇਡਾ ਵਿੱਚ ਮੌਜੂਦ 9 ਏ-ਕੈਟਾਗਰੀ ਦੇ ਅੱਤਵਾਦੀਆਂ ਦੀ ਸੂਚੀ ਸੌਂਪੀ ਸੀ। ਉਨ੍ਹਾਂ ਟਰੂਡੋ ਨੂੰ ਦੱਸਿਆ ਸੀ ਕਿ ਵਿਰੋਧੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਫਾਈਨਾਂਸ ਕਰਨ ਲਈ ਕੈਨੇਡਾ ਦੀ ਧਰਤੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਸੀ ਕਿ ਕੈਨੇਡੀਅਨ ਸਰਕਾਰ ਨਿੱਝਰ ਸਮੇਤ 9 ਵਿਅਕਤੀਆਂ ਵਿਰੁੱਧ ਇੱਕ-ਦੋ ਮਾਮਲਿਆਂ ਨੂੰ ਛੱਡ ਕੇ ਕੋਈ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਗਲੋਬ ਐਂਡ ਮੇਲ ਦੀ ਰਿਪੋਰਟ ਨੇ ਇਕ ਸੂਤਰ ਦੇ ਹਵਾਲੇ ਨਾਲ ਕਿਹਾ, "ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਸੁਖਾਵੀਂ ਨਹੀਂ ਰਹੀ ਸੀ। ਉਨ੍ਹਾਂ ਕਿਹਾ ਕਿ ਕੈਨੇਡੀਅਨ ਸਰਕਾਰ ਦੇ ਅਧਿਕਾਰੀਆਂ ਨੇ ਭਾਰਤ ਸਰਕਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਸੌਂਪੀ ਗਈ ਸੂਚੀ 'ਤੇ ਗੌਰ ਕਰਨਗੇ। ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਸੀ ਜਦੋਂ ਭਾਰਤ ਸਰਕਾਰ ਵੱਲੋਂ ਕੈਨੇਡਾ ਨੂੰ ਅਜਿਹੇ ਅਪਰਾਧੀਆਂ ਦੀ ਸੂਚੀ ਦਿੱਤੀ ਗਈ ਸੀ।

# ਕੈਨੇਡਾ 'ਚ ਧੋਖਾਧੜੀ ਕਰਨ ਵਾਲੀ ਔਰਤ ਨੂੰ 1.48 ਲੱਖ ਡਾਲਰ ਦੇ ਜ਼ੁਰਮਾਨੇ ਨਾਲ ਸੁਣਾਈ ਡੇਢ ਸਾਲ ਦੀ ਸਜ਼ਾ




ਉਨਟਾਰੀਓ , 8 ਮਈ (ਰਾਜ ਗੋਗਨਾ)- ਭਾਰਤੀ ਅਕਸਰ ਪੜ੍ਹਾਈ ਜਾਂ ਕੰਮ ਕਰਨ ਲਈ ਕੈਨੇਡਾ ਜਾਂਦੇ ਸਮੇਂ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ। ਕੈਨੇਡਾ ਵਿੱਚ ਬਹੁਤ ਸਾਰੇ ਤੱਤ ਸਰਗਰਮ ਹਨ ਜੋ ਭਾਰਤੀਆਂ ਨੂੰ ਨੌਕਰੀਆਂ ਤੋਂ ਲੈ ਕੇ ਰਿਹਾਇਸ਼ ਤੱਕ ਹਰ ਚੀਜ਼ ਦੀ ਪੇਸ਼ਕਸ਼ ਕਰਕੇ ਠੱਗਦੇ ਹਨ, ਕਈ ਵਾਰ ਪੀੜਤਾਂ ਨੂੰ ਹਜ਼ਾਰਾਂ ਡਾਲਰਾਂ ਦਾ ਖਰਚਾ ਵੀ ਚੁਕਾਉਣਾ ਪੈਂਦਾ ਹੈ। ਅਜਿਹੇ ਹੀ ਇੱਕ ਮਾਮਲੇ ਵਿੱਚ ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਨਾਲ ਧੋਖਾਧੜੀ ਕਰਨ ਵਾਲੀ ਮਨੀਤ ਮਲਹੋਤਰਾ (ਮਨੀ) ਨਾਂ ਦੀ ਇਕ ਔਰਤ ਨੂੰ ਡੇਢ ਸਾਲ ਦੀ ਸ਼ਰਤੀਆ ਸਜ਼ਾ ਦੇ ਨਾਲ 6 ਮਹੀਨੇ ਦੀ ਨਜ਼ਰਬੰਦੀ ਅਤੇ 1.48 ਲੱਖ ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਕੈਨੇਡੀਅਨ ਮੀਡੀਆ ਦੀਆਂ ਰਿਪੋਰਟਾਂ ਦੇ ਮੁਤਾਬਕ ਮਨੀਤ ਮਲਹੋਤਰਾ (ਮਨੀ) ਨਾਂ ਦੀ ਔਰਤ ਉਨਟਾਰੀਓ ਦੀ ਰਹਿਣ ਵਾਲੀ ਹੈ, ਜਿੱਥੇ ਭਾਰਤੀਆਂ ਦੀ ਸਭ ਤੋਂ ਵੱਧ ਆਬਾਦੀ ਹੈ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਨੇ ਅਲਬਰਟਾ ਦੇ ਅਸਥਾਈ ਵਿਦੇਸ਼ੀ ਕਰਮਚਾਰੀ ਸਲਾਹਕਾਰ ਦਫਤਰ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ 2019 ਵਿੱਚ ਮਨੀਤ ਮਲਹੋਤਰਾ ਵਿਰੁੱਧ ਜਾਂਚ ਸ਼ੁਰੂ ਕੀਤੀ ਸੀ। ਤਫ਼ਤੀਸ਼ ਦੌਰਾਨ ਦੋ ਮਾਮਲੇ ਪੁਲਿਸ ਦੇ ਧਿਆਨ ਵਿੱਚ ਆਏ ਜਿਸ ਵਿੱਚ ਦੋ ਵਿਅਕਤੀਆਂ ਨੂੰ ਅਲਬਰਟਾ ਵਿੱਚ ਕੰਮ ਦਿਵਾਉਣ ਲਈ ਮਨੀ ਨੇ ਕੁੱਲ 75 ਹਜ਼ਾਰ ਡਾਲਰ ਲਏ।

ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਰਕਮ ਵਰਕ ਵੀਜ਼ਾ ਲਈ ਲਈ ਗਈ ਸੀ ਜਾਂ ਨੌਕਰੀ ਦਿਵਾਉਣ ਲਈ। ਇਸ ਤੋਂ ਇਲਾਵਾ ਕੈਨੇਡੀਅਨ ਪੁਲਿਸ ਦਾ ਇਹ ਵੀ ਦਾਅਵਾ ਹੈ ਕਿ ਮੁਲਜ਼ਮ ਨੇ ਇਮੀਗ੍ਰੇਸ਼ਨ ਸਰਵਿਸ ਤੋਂ ਇਲਾਵਾ ਜਾਅਲੀ ਨੌਕਰੀ ਦੇ ਪੇਸ਼ਕਸ਼ ਪੱਤਰ ਅਤੇ ਜਾਅਲੀ ਦਸਤਾਵੇਜ਼ ਬਣਾ ਕੇ ਕਈ ਲੋਕਾਂ ਤੋਂ ਪੈਸੇ ਹੜੱਪ ਲਏ ਹਨ। ਉਹ ਮਨੀਤ ਇਮੀਗ੍ਰੇਸ਼ਨ ਦਾ ਕੰਮ ਖੁਦ ਕਰਦੀ ਸੀ, ਪਰ ਨਾ ਤਾਂ ਉਹ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ ਅਤੇ ਨਾ ਹੀ ਵਕੀਲ ਹੈ। ਦਸੰਬਰ 2019 ਵਿੱਚ, ਕੈਨੇਡੀਅਨ ਪੁਲਿਸ ਨੇ ਇੱਕ ਸਰਚ ਵਾਰੰਟ ਪ੍ਰਾਪਤ ਕੀਤਾ ਅਤੇ ਮਨੀਤ ਦੇ ਦਫਤਰ ਦੀ ਤਲਾਸ਼ੀ ਲਈ, ਜਿਸ ਵਿੱਚ ਇਮੀਗ੍ਰੇਸ਼ਨ ਅਤੇ ਗਾਹਕ ਦੀ ਜਾਣਕਾਰੀ ਨਾਲ ਸਬੰਧਤ ਕਈ ਜਾਅਲੀ ਦਸਤਾਵੇਜ਼ ਮਿਲੇ। ਮਨਿਤ ਮਨੀ ਦੇ ਖਿਲਾਫ 21 ਅਪ੍ਰੈਲ 2023 ਨੂੰ ਦੋਸ਼ ਆਇਦ ਕੀਤੇ ਗਏ ਸਨ ਅਤੇ ਉਸ ਨੂੰ 1 ਮਈ 2023 ਨੂੰ ਮਿਸੀਸਾਗਾ, ਓਨਟਾਰੀਓ ਵਿੱਚ ਉਸ ਦੇ ਘਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਮਨਿਤ ਮਲਹੋਤਰਾ ਨੇ 08 ਅਪ੍ਰੈਲ 2024 ਨੂੰ ਅਦਾਲਤ ਵਿੱਚ ਆਪਣੇ ਖਿਲਾਫ ਲਗਾਏ ਗਏ ਦੋਸ਼ਾਂ ਵਿੱਚੋਂ ਇੱਕ ਨੂੰ ਸਵੀਕਾਰ ਕਰ ਲਿਆ। ਅਦਾਲਤ ਵੱਲੋਂ ਉਸ ਨੂੰ ਸਜ਼ਾ ਸੁਣਾਉਣ ਦੇ ਨਾਲ-ਨਾਲ ਜੁਰਮਾਨੇ ਦੀ ਰਕਮ ਉਨ੍ਹਾਂ ਲੋਕਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ, ਜਿਨ੍ਹਾਂ ਤੋਂ ਉਸ ਨੇ ਪੈਸੇ ਲਏ ਸਨ। ਕੈਨੇਡਾ ਵਿੱਚ ਇੱਕ ਪੀ.ਆਰ ਲਈ ਇੱਕ ਨਿਸ਼ਚਿਤ ਸਕੋਰ ਦੀ ਲੋੜ ਹੁੰਦੀ ਹੈ ਅਤੇ ਇੱਕ ਤਜਰਬੇ ਸਰਟੀਫਿਕੇਟ ਤੋਂ ਇਲਾਵਾ ਇੱਕ ਤਨਖਾਹ ਸਲਿੱਪ ਸਮੇਤ ਕਈ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਕੈਨੇਡਾ 'ਚ ਨੌਕਰੀਆਂ ਲਈ ਲ਼ੀਅ ਲੈਟਰ ਬਣਾਉਣ ਦਾ ਖਰਚਾ ਵੀ ਲੱਖਾਂ ਰੁਪਏ 'ਚ ਆਉਂਦਾ ਹੈ, ਜਿਸ 'ਚ ਕੁਝ ਧੋਖੇਬਾਜ਼ ਅਨਸਰ ਇਹ ਲੈਟਰ ਬਣਾ ਕੇ ਭਾਰਤ ਤੋਂ ਉਨ੍ਹਾਂ ਲੋਕਾਂ ਨੂੰ ਬੁਲਾਉਂਦੇ ਹਨ, ਜਿਨ੍ਹਾਂ ਦਾ ਕੈਨੇਡਾ 'ਚ ਆਪਣਾ ਕਾਰੋਬਾਰ ਹੈ ਜਾਂ ਜਿਨ੍ਹਾਂ ਲੋਕਾਂ ਦਾ ਕੈਨੇਡਾ 'ਚ ਆਪਣਾ ਕਾਰੋਬਾਰ ਹੈ ਜਾਂ ਜਿਨ੍ਹਾਂ ਦੀ ਪੜ੍ਹਾਈ ਤੋਂ ਬਾਅਦ ਵਰਕ ਪਰਮਿਟ ਦੀ ਮਿਆਦ ਪੁੱਗਣ ਵਾਲੀ ਹੈ। ਉਝ ਅਜਿਹੇ ਦੋਹਰੇ ਅੰਕਾਂ ਦਾ ਕੰਮ ਕਰਨ ਵਾਲੀਆਂ ਜ਼ਿਆਦਾਤਰ ਧਿਰਾਂ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਨਹੀਂ ਹਨ ਅਤੇ ਉਹ ਅਕਸਰ ਹੀ ਜਾਅਲੀ ਦਸਤਾਵੇਜ਼ਾਂ ਜਾਂ ਕਿਸੇ ਹੋਰ ਦੁਰਵਿਹਾਰ ਰਾਹੀਂ ਨੌਕਰੀ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ, ਪਰ ਇਸ ਕਾਰਨ ਲੋਕਾਂ ਨੂੰ ਨਾ ਸਿਰਫ਼ ਪੈਸੇ ਦਾ ਨੁਕਸਾਨ ਹੁੰਦਾ ਹੈ, ਸਗੋਂ ਇੱਕ ਹੋਰ ਉਹਨਾਂ ਲਈ ਕਾਨੂੰਨੀ ਸਮੱਸਿਆ ਵੀ ਖੜ੍ਹੀ ਹੁੰਦੀ ਹੈ।

# ਸੈਮ ਪਿਤਰੋਦਾ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਸੈਮ ਪਿਤਰੋਦਾ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ। ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਟਵਿੱਟਰ 'ਤੇ ਲਿਖਿਆ, 'ਸੈਮ ਪਿਤਰੋਦਾ ਨੇ ਆਪਣੀ ਮਰਜ਼ੀ ਨਾਲ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਕਾਂਗਰਸ ਪ੍ਰਧਾਨ ਨੇ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ।

ਇਸ ਤੋਂ ਪਹਿਲਾਂ ਕਾਂਗਰਸ ਨੇਤਾ ਸੈਮ ਪਿਤਰੋਦਾ ਨੇ ਕੁਝ ਅਜਿਹਾ ਕਹਿ ਦਿੱਤਾ ਸੀ, ਜਿਸ ਕਾਰਨ ਬੁੱਧਵਾਰ ਨੂੰ ਵਿਵਾਦ ਖੜ੍ਹਾ ਹੋ ਗਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਦੇਸ਼ ਦੇ ਪੂਰਬੀ ਹਿੱਸੇ ਦੇ ਲੋਕ ਚੀਨੀ ਅਤੇ ਦੱਖਣੀ ਭਾਰਤੀ ਅਫਰੀਕੀ ਨਾਗਰਿਕਾਂ ਵਰਗੇ ਦਿਖਦੇ ਹਨ। ਅਸੀ 75 ਸਾਲਾਂ ਤੋਂ ਬਹੁਤ ਹੀ ਸੁਹਾਵਣੇ ਮਾਹੌਲ ਵਿੱਚ ਰਹਿ ਰਹੇ ਹਾਂ, ਜਿੱਥੇ ਕੁਝ ਲੜਾਈਆਂ ਨੂੰ ਛੱਡ ਕੇ ਲੋਕ ਇਕੱਠੇ ਰਹਿ ਸਕਦੇ ਹਨ। ਅਸੀਂ ਭਾਰਤ ਵਰਗੇ ਵੰਨ-ਸੁਵੰਨੇ ਦੇਸ਼ ਨੂੰ ਇਕਜੁੱਟ ਰੱਖ ਸਕਦੇ ਹਾਂ। ਜਦੋਂ ਕਿ ਪੂਰਬ ਦੇ ਲੋਕ ਚੀਨੀ, ਪੱਛਮ ਦੇ ਲੋਕ ਅਰਬਾਂ ਵਰਗੇ, ਉੱਤਰ ਦੇ ਲੋਕ ਗੋਰਿਆਂ ਵਰਗੇ ਅਤੇ ਦੱਖਣ ਭਾਰਤੀ ਅਫ਼ਰੀਕਨਾਂ ਵਰਗੇ ਦਿਖਾਈ ਦਿੰਦੇ ਹਨ। ਪਿਤਰੋਦਾ ਦੇ ਬਿਆਨ ਤੋਂ ਖੁਦ ਨੂੰ ਵੱਖ ਕਰਦੇ ਹੋਏ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਸੀ ਕਿ ਸੈਮ ਪਿਤਰੋਦਾ ਵੱਲੋਂ ਭਾਰਤ ਦੀ ਵਿਭਿੰਨਤਾ ਨੂੰ ਲੈ ਕੇ ਦਿੱਤੇ ਗਏ ਸਮਾਨਤਾ ਗਲਤ ਅਤੇ ਅਸਵੀਕਾਰਨਯੋਗ ਹੈ। ਇੰਡੀਅਨ ਨੈਸ਼ਨਲ ਕਾਂਗਰਸ ਆਪਣੇ ਆਪ ਨੂੰ ਇਨ੍ਹਾਂ ਸਮਾਨਤਾਵਾਂ ਤੋਂ ਪੂਰੀ ਤਰ੍ਹਾਂ ਵੱਖ ਕਰਦੀ ਹੈ।

ਪਿਤਰੋਦਾ ਦੇ ਬਿਆਨ 'ਤੇ ਭਾਜਪਾ ਨੇ ਕਾਂਗਰਸ 'ਤੇ ਵੀ ਨਿਸ਼ਾਨਾ ਸਾਧਿਆ ਸੀ। ਪਾਰਟੀ ਨੇ ਕਿਹਾ ਸੀ ਕਿ ਜਿਵੇਂ-ਜਿਵੇਂ ਲੋਕ ਸਭਾ ਚੋਣਾਂ ਅੱਗੇ ਵਧ ਰਹੀਆਂ ਹਨ, ਵਿਰੋਧੀ ਪਾਰਟੀ ਦਾ ਮੁਖੌਟਾ ਡਿੱਗਦਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਿਤਰੋਦਾ ਦੇ ਵਿਵਾਦਿਤ ਬਿਆਨਾਂ ਨੂੰ ਕਾਂਗਰਸ ਦੀ ਵੰਡਣ ਵਾਲੀ

## ਭਾਰਤੀਆਂ ਨੇ 2022 'ਚ 111 ਅਰਬ ਡਾਲਰ ਤੋਂ ਵੱਧ ਰਕਮ ਮੁਲਕ ਭੇਜੀ



ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਮਾਈਗਰੇਸ਼ਨ ਏਜੰਸੀ ਨੇ ਕਿਹਾ ਹੈ ਕਿ ਭਾਰਤ 'ਚ ਸਾਲ 2022 ਦੌਰਾਨ 111 ਅਰਬ ਡਾਲਰ ਦੀ ਰਕਮ ਭੇਜੀ ਗਈ ਜੋ ਦੁਨੀਆ 'ਚ ਸਭ ਤੋਂ ਵੱਧ ਹੈ। ਇਸ ਦੇ ਨਾਲ ਭਾਰਤ 100 ਅਰਬ ਡਾਲਰ ਦੇ ਅੰਕੜੇ ਤੱਕ ਪੁੱਜਣ ਅਤੇ ਇਸ ਨੂੰ ਪਾਰ ਕਰਨ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ ਨੇ ਜਾਰੀ ਆਪਣੀ ਆਲਮੀ ਮਾਈਗਰੇਸ਼ਨ ਰਿਪੋਰਟ 'ਚ ਕਿਹਾ ਕਿ 2022 'ਚ ਬਾਹਰੋਂ ਆਈ ਰਕਮ ਹਾਸਲ ਕਰਨ ਵਾਲੇ ਸਿਖਰਲੇ ਪੰਜ ਮੁਲਕਾਂ 'ਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਸ਼ਾਮਲ ਹਨ। ਪਰਵਾਸੀਆਂ ਵੱਲੋਂ ਆਪਣੇ ਮੂਲ ਮੁਲਕ 'ਚ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਭੇਜੀ ਗਈ ਰਕਮ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ।

# ਡੌਂਕੀ ਲਾ ਕੇ ਵਿਦੇਸ਼ ਜਾ ਰਹੇ ਨੌਜਵਾਨ ਦੀ ਹੋਈ ਮੌਤ

## ਦੇਹ ਨੂੰ ਵਾਪਸ ਲਿਆਉਣ ਲਈ ਏਜੰਟ ਨੇ ਮੰਗੇ 4 ਲੱਖ ਰੁਪਏ



ਫਿਲੌਰ (ਪੰਜਾਬ ਸਟਾਰ ਬਿਊਰੋ)-ਥਾਣਾ ਫਿਲੌਰ ਅਧੀਨ ਪੈਂਦੇ ਗੰਨਾ ਪਿੰਡ ਦਾ ਇਕ ਵਿਅਕਤੀ ਮਹਿੰਦਰ ਪਾਲ ਨੇ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ ਜਾਣਾ ਚਾਹੁੰਦਾ ਸੀ, ਜਿਸ ਲਈ ਉਸ ਨੇ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ ਨੇ ਉਸ ਕੋਲੋ ਲੱਖਾਂ ਰੁਪਏ ਲਏ ਪਰ ਜਰਮਨ ਭੇਜਣ ਦੀ ਥਾਂ ਹੋਰ ਦੇਸ਼ 'ਚ ਭੇਜ ਦਿੱਤਾ, ਜਿਥੋ ਡੌਂਕੀ ਲਾ ਕੇ ਉਸ ਨੂੰ ਹੋਰ ਲੋਕਾਂ ਨਾਲ ਜਰਮਨ ਭੇਜਿਆ ਜਾ ਰਿਹਾ ਸੀ ਪਰ ਰਾਹ ਵਿਚ ਹੀ ਉਸ ਦੀ ਮੌਤ ਹੋ ਗਈ। ਹੁਣ ਪਰਿਵਾਰ ਦਾ ਦੋਸ਼ ਹੈ ਕਿ ਏਜੰਟ ਉਸ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਹੋਰ ਪੈਸੇ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਪਰਿਵਾਰ ਵੱਲੋਂ ਥਾਣਾ ਫਿਲੌਰ ਵਿਚ ਸ਼ਿਕਾਇਤ ਦਰਜ ਕਰਾ ਕੇ ਏਜੰਟਾਂ 'ਤੇ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਇਸ ਸਬੰਧੀ ਮ੍ਰਿਤਕ ਮਹਿੰਦਰ ਪਾਲ ਦੇ ਭਰਾ ਧਰਮਿੰਦਰ ਕੁਮਾਰ ਵਾਸੀ ਗੰਨਾ ਪਿੰਡ ਨੇ ਸ਼ਿਕਾਇਤ 'ਚ ਦੱਸਿਆ ਕਿ ਏਜੰਟ ਪੰਕਜ ਕੁਮਾਰ ਅਤੇ ਨਰੇਸ਼ ਕੁਮਾਰ ਵਾਸੀ ਜੰਮੂ ਨੇ ਉਸ ਦੇ ਭਰਾ ਮਹਿੰਦਰ ਪਾਲ ਵਾਸੀ ਗੰਨਾ ਪਿੰਡ ਨੂੰ ਜਰਮਨ ਭੇਜਣ ਲਈ 12 ਲੱਖ 32 ਹਜ਼ਾਰ ਰੁਪਏ ਲਏ, ਪਰ ਏਜੰਟਾਂ ਵੱਲੋਂ ਪਹਿਲਾ ਮਹਿੰਦਰ ਪਾਲ ਨੂੰ ਰੂਸ ਭੇਜ ਦਿੱਤਾ ਗਿਆ ਕੁੱਝ ਸਮਾਂ ਉੱਥੇ ਬਿਠਾਉਣ ਮਗਰੋ ਉਸ ਨੂੰ ਉਥੋ ਬੇਲਾ ਰੂਸ ਅਤੇ ਫਿਰ ਡੌਂਕੀ ਰਾਹੀਂ ਜਰਮਨ ਭੇਜਣਾ ਸੀ ਪਰ ਪਤਾ ਨਹੀਂ ਕਿੰਨਾ ਕਾਰਨਾਂ ਕਰਕੇ ਉਸ ਦੇ ਭਰਾ ਦੀ ਰਸਤੇ ਵਿੱਚ ਹੀ ਮੌਤ ਹੋ ਗਈ।

ਪਰਿਵਾਰ ਨੇ ਕਿਹਾ ਕਿ ਮਹਿੰਦਰ ਦੀ ਮੌਤ ਦੀ ਸੂਚਨਾ ਏਜੰਟ ਵੱਲੋਂ ਸਾਨੂੰ ਨਹੀਂ ਦਿੱਤੀ ਗਈ। ਉਲਟਾ ਏਜੰਟ ਸਾਨੂੰ ਭਰੋਸਾ ਦਿੰਦੇ ਰਹੇ ਕਿ ਜਲਦੀ ਜਰਮਨ ਪੁੱਜ ਜਾਵੇਗਾ। ਸਾਨੂੰ ਮਹਿੰਦਰ ਪਾਲ ਦੀ ਮੌਤ ਬਾਰੇ ਉਸ ਸਮੇਂ ਪਤਾ ਲੱਗਾ ਜਦੋਂ ਮਹਿੰਦਰ ਪਾਲ ਦੇ ਕੁਝ ਸਾਥੀਆਂ ਜੋ ਮਹਿੰਦਰ ਪਾਲ ਨਾਲ ਜਰਮਨ ਜਾ ਰਹੇ ਸਾਨੂੰ ਟੈਲੀਫੋਨ ਕੀਤਾ ਅਤੇ ਦੱਸਿਆ ਕਿ ਮਹਿੰਦਰ ਪਾਲ ਦੀ ਮੌਤ ਰਸਤੇ 'ਚ ਹੋ ਗਈ ਹੈ। ਇਹ ਗੱਲ ਸੁਣ ਕੇ ਪਰਿਵਾਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

ਇਸ ਸਬੰਧੀ ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਇੱਕ ਪਾਸੇ ਏਜੰਟ ਸਾਨੂੰ ਮਹਿੰਦਰ ਪਾਲ ਦੇ ਜਰਮਨ ਪਹੁੰਚਣ ਦਾ ਭਰੋਸਾ ਦੇਈ ਜਾਂਦਾ ਹੈ ਅਤੇ ਦੂਜੇ ਪਾਸੇ ਸਾਡੇ ਭਰਾ ਦੀ ਤਾਂ ਮੌਤ ਹੋ ਗਈ ਹੈ। ਇਹ ਖ਼ਬਰ ਸੁਣਨ ਮਗਰੋ ਪਰਿਵਾਰ ਅਤੇ ਰਿਸ਼ਤੇਦਾਰਾਂ 'ਚ ਸੋਗ ਦੀ ਲਹਿਰ ਦਿਖਾਈ ਦੇ ਰਹੀ ਹੈ, ਜਿਸ ਤੋਂ ਬਾਅਦ ਉਨ੍ਹਾਂ ਮਹਿੰਦਰ ਪਾਲ ਦੀ ਲਾਸ਼ ਭੇਜਣ ਲਈ ਕਿਹਾ ਗਿਆ। ਪਰ ਲਾਸ਼ ਨੂੰ ਵਾਪਸ ਭਾਰਤ ਭੇਜਣ ਲਈ ਏਜੰਟ ਨੇ ਸਾਡੇ ਕੋਲੋਂ 4 ਲੱਖ ਰੁਪਏ ਬਤੌਰ ਕਿਰਾਏ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਮਹਿੰਦਰ ਪਾਲ ਨੂੰ ਵਿਦੇਸ਼ ਭੇਜਣ ਦੇ ਦਿੱਤੇ ਲੱਖਾਂ ਰੁਪਏ ਕਾਰਨ ਅਸੀਂ ਪਹਿਲਾਂ ਹੀ ਕਰਜ਼ਾਈ ਹਾਂ , ਹੁਣ ਸਾਡੇ ਕੋਲ ਕੋਈ ਪੈਸਾ ਨਹੀਂ ਹੈ ਪਰ ਹੁਣ ਏਜੰਟ ਉਨ੍ਹਾਂ ਦਾ ਫੋਨ ਵੀ ਨਹੀਂ ਚੁੱਕ ਰਹੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਭਰਾ ਦੀ ਮ੍ਰਿਤਕ ਦੇਹ ਆਪਣੇ ਖਰਚੇ 'ਤੇ ਭਾਰਤ ਲਿਆਂਦੀ ਜਾਵੇ। ਇਸ ਸਬੰਧੀ ਥਾਣਾ ਫਿਲੌਰ ਦੇ ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਟਰੈਵਲ ਏਜੰਟਾਂ ਵਿਰੁੱਧ ਥਾਣਾ ਫਿਲੌਰ ਵਿਖੇ ਮੁਕੱਦਮਾ ਨੰਬਰ 313 ਧਾਰਾ 406/420 ਆਈ ਪੀ ਸੀ ਤਹਿਤ ਕੇਸ ਦਰਜ ਕਰਕੇ, ਏਜੰਟਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਧਰਮਿੰਦਰ ਕੁਮਾਰ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਆਪਣੇ ਪਿੱਛੇ ਪਤਨੀ ਸੀਮਾ ਅਤੇ ਤਿੰਨ ਬੱਚੇ ਛੱਡ ਗਿਆ। ਉਨ੍ਹਾਂ ਪੰਜਾਬ ਸਰਕਾਰ ਤੋਂ ਏਜੰਟਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

# ਸ਼ਰਾਬ ਦੀ ਲੁੱਟ ਕਰ ਭੱਜੇ ਚੋਰ ਦੀ ਪਛਾਣ ਪੁਲਿਸ ਨੇ ਗਗਨਦੀਪ ਸਿੰਘ ਵਜੋਂ ਕੀਤੀ




ਕੁੱਝ ਦਿਨ ਪਹਿਲਾ ਟੋਰਾਂਟੋ ਲਾਗੇ ਹਾਈਵੇਅ 401 ਤੇ ਸ਼ਰਾਬ ਦੇ ਸਟੋਰ LCBO ਤੋਂ ਲੁੱਟ ਕਰ ਵੈਨ 'ਚ ਭੱਜੇ ਚੋਰ ਜਿਸਦੀ ਪੁਲਿਸ ਵੱਲੋਂ ਪਿੱਛਾ ਕਰਨ ਦੀ ਕਾਰਵਾਈ ਦੌਰਾਨ ਹੋਏ ਹਾਦਸੇ ਵਿਚ ਮੌਤ ਹੋ ਗਈ ਸੀ ਦੀ ਪਛਾਣ ਪੁਲਿਸ ਵੱਲੋਂ ਗਗਨਦੀਪ ਸਿੰਘ (21) ਦੇ ਤੌਰ 'ਤੇ ਕੀਤੀ ਹੈ ਜੋ ਕੈਨੇਡਾ 'ਚ ਆਇਆ ਤੇ ਅੰਤਰ-ਰਾਸ਼ਟਰੀ ਵਿਦਿਆਰਥੀ ਵਜੋਂ ਪੜ੍ਹਾਈ ਕਰਨ ਲਈ ਸੀ ਪਰ ਇਥੇ ਉਹ ਆਕੇ ਸਟੋਰਾਂ 'ਤੇ ਲੁੱਟ-ਖੋਹ, ਡਰੱਗ ਰੱਖਣ ਅਤੇ ਗੱਡੀਆ ਖੋਹਣ ਵਰਗੇ ਸੰਗੀਨ ਜੁਰਮਾ 'ਚ ਸ਼ਾਮਲ ਹੋ ਗਿਆ, ਪੁਲਿਸ ਮੁਤਾਬਿਕ ਗਗਨਦੀਪ ਸਿੰਘ ਉਪਰ ਪਹਿਲਾ ਵੀ ਦੋ ਹੋਰ ਸ਼ਰਾਬ ਦੇ ਸਟੋਰ ਲੁੱਟਣ ਦੇ ਮਾਮਲੇ, ਹੋਰ ਸਟੋਰਾਂ 'ਤੇ ਚੋਰੀ, ਡਰੱਗ ਰਖਣ ਦੇ ਮਾਮਲੇ ਦਰਜ ਸਨ ਤੇ ਉਹ ਜ਼ਮਾਨਤ ਤੇ ਬਾਹਰ ਸੀ। ਲੁੱਟ-ਖੋਹ ਦੇ ਹੀ ਇਕ ਮਾਮਲੇ 'ਚ ਉਸਦੀ 14 ਮਈ ਦੀ ਮਿਲਟਨ ਕੋਰਟ 'ਚ ਪੇਸ਼ੀ ਸੀ। ਇੱਥੇ ਦੱਸਣਯੋਗ ਹੈ ਕਿ ਇਸ ਹਾਦਸੇ ਚ ਭਾਰਤੀ ਮੂਲ ਦੇ ਤਿੰਨ ਜਣੇ ਜਿਸ ਵਿਚ ਇੱਕ ਤਿੰਨ ਮਹੀਨਿਆਂ ਦਾ ਬੱਚਾ ਵੀ ਸ਼ਾਮਲ ਹੈ ਮਾਰੇ ਗਏ ਸਨ। ਪੁਲਿਸ ਮੁਤਾਬਕ ਸ਼ਰਾਬ ਚੋਰੀ ਕਰ ਹਾਈਵੇਅ ਤੇ ਪੁੱਠੀ ਦਿਸ਼ਾ ਵੱਲ ਵੈਨ ਚ ਭੱਜੇ ਗਗਨਦੀਪ ਸਿੰਘ ਕੋਲ ਚਾਕੂ ਵੀ ਸੀ ਤੇ ਉਹ ਆਮ ਲੋਕਾ ਲਈ ਖਤਰਨਾਕ ਸੀ। ਹੁਣ ਸਵਾਲ ਉਠਾਏ ਜਾ ਰਹੇ ਹਨ ਕੈਨੇਡਾ ਦੇ ਜਮਾਨਤ ਸਬੰਧੀ ਸੌਖਾਲੇ ਨਿਯਮਾਂ ਤੇ ਜਿਸ ਬਾਰੇ ਵਿਰੋਧੀ ਧਿਰ ਵੀ ਆਵਾਜ਼ ਚੁੱਕ ਰਹੀ ਹੈ , ਅਗਰ ਜਮਾਨਤ ਦੇ ਕਾਨੂੰਨ ਸਖ਼ਤ ਹੁੰਦੇ ਤਾਂ ਵਾਰ-ਵਾਰ ਚੋਰੀ ਕਰਨ ਵਾਲੇ , ਗੱਡੀਆ ਲੁੱਟਣ ਵਾਲੇ , ਫਰਾਡ ਕਰਨ ਵਾਲੇ ਅਤੇ ਹੋਰ ਸੰਗੀਨ ਦੋਸ਼ਾ ਹੇਠ ਚਾਰਜ਼ ਹੋਣ ਵਾਲੇ ਸੌਖਾਲੇ ਢੰਗ ਨਾਲ ਬਾਹਰ ਨਾ ਆਉਣ ਅਤੇ ਨਾ ਹੀ ਹੋਰ ਸੰਗੀਨ ਜੁਰਮਾ ਚ ਮੁੜ ਸ਼ਾਮਲ ਹੋਣ ਜਿਵੇਂ ਕਿ ਗਗਨਦੀਪ ਸਿੰਘ ਦੇ ਮਾਮਲੇ ਵਿਚ ਹੋਇਆ ਹੈ।









# ਭਗਵੰਤ ਮਾਨ ਨੇ ਪਟਿਆਲਾ ਵਿਖੇ ਡਾ. ਬਲਬੀਰ ਸਿੰਘ ਲਈ ਕੀਤਾ ਚੋਣ ਪ੍ਰਚਾਰ

## ਲੋਕਾਂ ਨੂੰ 13-0 ਨਾਲ AAP ਨੂੰ ਜਿਤਾਉਣ ਦੀ ਕੀਤੀ ਅਪੀਲ



ਪਟਿਆਲਾ (ਪੰਜਾਬ ਸਟਾਰ): ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਪਟਿਆਲਾ ਵਿੱਚ 'ਆਪ' ਉਮੀਦਵਾਰ ਡਾ ਬਲਬੀਰ ਸਿੰਘ ਲਈ ਚੋਣ ਪ੍ਰਚਾਰ ਕੀਤਾ। ਇੱਥੇ ਉਨ੍ਹਾਂ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਨੂੰ 13-0 ਨਾਲ ਜਿਤਾਉਣ ਦੀ ਅਪੀਲ ਕੀਤੀ। ਆਪਣੇ ਭਾਸ਼ਣ ਦੌਰਾਨ ਮੁੱਖ ਮੰਤਰੀ ਮਾਨ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੁਗ਼ਲਾਂ ਦੇ ਸਮੇਂ ਕੈਪਟਨ ਦਾ ਪਰਿਵਾਰ ਉਨ੍ਹਾਂ ਦੇ ਨਾਲ ਸੀ। ਅੰਗਰੇਜ਼ਾਂ ਦੇ ਰਾਜ 'ਚ ਉਨ੍ਹਾਂ ਦੇ ਨਾਲ ਸੀ। ਅਕਾਲੀ ਦਲ ਦੇ ਸਮੇਂ ਉਸ ਦੇ ਨਾਲ ਰਹੇ। ਫਿਰ ਕਾਂਗਰਸ ਵਿੱਚ ਰਹੇ ਅਤੇ ਹੁਣ ਭਾਜਪਾ ਸਰਕਾਰ ਵਿੱਚ ਉਸ ਦੇ ਨਾਲ ਹਨ।

ਉਨ੍ਹਾਂ ਦੋਸ਼ ਲਾਇਆ ਕਿ ਪਟਿਆਲਾ ਦੀ ਰਿਆਸਤ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਬਣਾਇਆ ਸੀ ਕਿਉਂਕਿ ਕੈਪਟਨ ਦੇ ਪੂਰਵਜ ਆਲਾ ਸਿੰਘ ਨੇ ਅਬਦਾਲੀ ਦਾ ਕਾਫ਼ਲਾ ਲੁੱਟਣ ਵਾਲੇ ਖ਼ਾਲਸਾ ਗਰੁੱਪ ਦਾ ਨਾਂ ਉਜਾਗਰ ਕੀਤਾ ਸੀ। ਉਨ੍ਹਾਂ ਕਿਹਾ ਕਿ ਕੁਝ ਖ਼ਾਲਸਾ ਦੇ ਲੋਕ ਅਹਿਮਦ ਸ਼ਾਹ ਅਬਦਾਲੀ ਦੇ ਕਾਫ਼ਲੇ ਵੱਲੋਂ ਲੁੱਟਿਆ ਮਾਲ ਪਿਛਲੇ ਹਿੱਸੇ ਤੋਂ ਲੁੱਟ ਲੈਂਦੇ ਸੀ ਅਤੇ ਗ਼ਰੀਬਾਂ ਵਿੱਚ ਵੰਡ ਦਿੰਦੇ ਸਨ। ਕੈਪਟਨ ਦੇ ਪੂਰਵਜ ਆਲਾ ਸਿੰਘ ਨੇ ਅਬਦਾਲੀ ਨੂੰ ਉਨ੍ਹਾਂ ਖ਼ਾਲਸਾ ਦੇ ਲੋਕਾਂ ਦੇ ਨਾਮ ਦੱਸੇ ਸਨ ਜਿਨ੍ਹਾਂ ਨੂੰ ਅਬਦਾਲੀ ਨੇ ਮਾਰਿਆ ਸੀ। ਇਸ ਤੋਂ ਬਾਅਦ ਅਬਦਾਲੀ ਨੇ ਖ਼ੁਸ਼ ਹੋ ਕੇ ਆਲਾ ਸਿੰਘ ਦੇ ਪੁੱਤਰ ਨੂੰ ਪਟਿਆਲਾ ਰਿਆਸਤ ਦੇ ਦਿੱਤੀ। ਮਾਨ ਨੇ ਅਕਾਲੀ ਆਗੂ ਬਿਕਰਮ ਮਜੀਠੀਆ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਜੱਲਿਆਂਵਾਲਾ ਕਤਲੇਆਮ ਵਾਲੀ ਸ਼ਾਮ ਨੂੰ ਜਨਰਲ ਡਾਇਰ ਨੇ ਬਿਕਰਮ ਮਜੀਠੀਆ ਦੇ ਘਰ ਡਿਨਰ ਕੀਤਾ ਸੀ। ਪੰਜਾਬ ਅਜਿਹੇ ਲੋਕਾਂ ਤੋਂ ਵਫ਼ਾਦਾਰੀ ਦੀ ਆਸ ਕਿਵੇਂ ਰੱਖ ਸਕਦਾ ਹੈ? ਪ੍ਰਤਾਪ ਸਿੰਘ ਬਾਜਵਾ ਨੂੰ ਮੁੱਖ ਮੰਤਰੀ ਬਣਨ ਦੀ ਕਾਫੀ ਚਿੰਤਾ ਹੈ ਪਰ ਕਾਂਗਰਸ ਨੇ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਦੀ ਭਰੂਣ ਹੱਤਿਆ ਕਰ ਦਿੱਤੀ ਹੈ। ਸੁਖਬੀਰ ਬਾਦਲ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਸੁਖ ਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖ਼ੂਨ ਪਸੀਨੇ ਨਾਲ ਬਣਿਆ ਹੈ। ਉਸ ਹੋਟਲ ਵਿੱਚ ਹਰ ਕਮਰੇ ਦੇ ਨਾਲ ਇੱਕ ਪੂਲ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋ ਸੁਖ ਵਿਲਾਸ ਨੂੰ ਲੈ ਕੇ ਸਕੂਲ ਵਿੱਚ ਤਬਦੀਲ ਕਰਾਂਗੇ। ਇਹ ਪਹਿਲਾ ਸਕੂਲ ਹੋਵੇਗਾ ਜਿਸ ਦੇ ਹਰ ਕਮਰੇ ਵਿੱਚ ਪੂਲ ਹੋਵੇਗਾ। ਇਸਦੇ ਲਈ ਅਸੀਂ ਇੱਕ ਸਲੋਗਨ ਵੀ ਤਿਆਰ ਕੀਤਾ ਹੈ, 'ਦੁਨੀਆ ਦਾ ਪਹਿਲਾ ਸਕੂਲ, ਜਿਸਦੇ ਹਰ ਕਮਰੇ ਦੇ ਪਿੱਛੇ ਪੂਲ'। ਮਾਨ ਨੇ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਹਿੰਦੀ ਡਿਕਸ਼ਨਰੀ ਵਿੱਚ ਕਰੀਬ 6 ਲੱਖ ਸ਼ਬਦ ਹਨ, ਪਰ ਪੀਐਮ ਮੋਦੀ ਹਿੰਦੂ-ਮੁਸਲਿਮ, ਮੰਦਰ-ਮਸਜਿਦ, ਪਾਕਿਸਤਾਨ-ਕਬਰਸਤਾਨ ਵਰਗੇ ਅੱਠ-ਦਸ ਸ਼ਬਦ ਹੀ ਬੋਲਦੇ ਹਨ। ਉਹ ਕਦੇ ਵੀ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ 'ਤੇ ਨਹੀਂ ਬੋਲਦੇ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਪ੍ਰਧਾਨ ਮੰਤਰੀ ਬਣਨ ਦੇ 10 ਸਾਲ ਬਾਅਦ ਵੀ ਉਹ ਮੰਗਲ-ਸੂਤਰ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ। ਉਹ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਡਰਾ ਕੇ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਹ ਪੰਜਾਬ ਵਿੱਚ ਵੀ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਪੰਜਾਬ ਦੇ ਲੋਕ ਨਫ਼ਰਤ ਦੀ ਰਾਜਨੀਤੀ ਨੂੰ ਕਦੇ ਵੀ ਪਸੰਦ ਨਹੀਂ ਕਰਦੇ। ਪੰਜਾਬ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਇੱਥੋਂ ਦੇ ਲੋਕ ਗੁਰੂਪਰਵ, ਈਦ, ਹੋਲੀ, ਦੀਵਾਲੀ ਅਤੇ ਨੌਮੀ ਇਕੱਠੇ ਮਨਾਉਂਦੇ ਹਨ। ਭਾਜਪਾ ਦੀ ਨਫਰਤ ਦੀ ਰਾਜਨੀਤੀ ਇੱਥੇ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ। ਭਗਵੰਤ ਮਾਨ ਨੇ ਕਿਹਾ ਕਿ ਅਸੀ ਕੰਮ ਦੀ ਰਾਜਨੀਤੀ ਕਰਦੇ ਹਾਂ। ਪਿਛਲੇ ਦੋ ਸਾਲਾਂ ਵਿੱਚ ਅਸੀਂ 43000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਚੁੱਕੇ ਹਾਂ। 829 ਮੁਹੱਲਾ ਕਲੀਨਿਕ ਖੋਲ੍ਹੇ, ਜਿਸ ਵਿੱਚ ਹੁਣ ਤੱਕ ਕਰੀਬ ਡੇਢ ਕਰੋੜ ਲੋਕ ਮੁਫ਼ਤ ਇਲਾਜ ਕਰਵਾ ਚੁੱਕੇ ਹਨ। ਮੈਂ (ਭਗਵੰਤ ਮਾਨ) ਸਿਹਤ ਮੰਤਰੀ ਨੂੰ ਕਿਹਾ ਕਿ ਪੰਜਾਬ ਦਾ ਕੋਈ ਅਜਿਹਾ ਹਸਪਤਾਲ ਨਾ ਹੋਵੇ ਜਿਸ ਵਿੱਚ ਐਕਸ-ਰੇ ਮਸ਼ੀਨ, ਜਾਂਚ ਲੈਬ ਅਤੇ ਦਵਾਈ ਨਾ ਹੋਵੇ। ਕਿਸੇ ਵੀ ਮਰੀਜ਼ ਨੂੰ ਜਾਂਚ ਅਤੇ ਦਵਾਈ ਲਈ ਹਸਪਤਾਲ ਤੋ ਬਾਹਰ ਨਾ ਜਾਣਾ ਪਵੇ। ਇਸ ਦੀ ਜ਼ਿੰਮੇਵਾਰੀ ਅਸੀਂ ਸਮੂਹ ਹਸਪਤਾਲਾਂ ਦੇ ਚੀਫ਼ ਮੈਡੀਕਲ ਅਫ਼ਸਰਾਂ ਦੀ ਲਗਾ ਦਿੱਤੀ ਤਾਂਕਿ ਕਿਸੇ ਵੀ ਮਰੀਜ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ। ਉੱਥੇ ਹੀ ਪੰਜਾਬ ਦੇ ਕਿਸਾਨਾਂ ਦੀ ਤਰੱਕੀ ਲਈ ਅਸੀਂ ਪੰਜਾਬ ਦੇ 59 ਫ਼ੀਸਦੀ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਦਾ ਕਰ ਦਿੱਤਾ ਹੈ। ਮਾਰਚ 2022 ਵਿੱਚ ਜਦੋਂ ਮੈਂ ਮੁੱਖ ਮੰਤਰੀ ਬਣਿਆ ਸੀ, ਉਸ ਸਮੇਂ ਸਿਰਫ਼ 21 ਫ਼ੀਸਦੀ ਹੀ ਖੇਤਾਂ ਵਿੱਚ ਨਹਿਰ ਦਾ ਪਾਣੀ ਪਹੁੰਚਦਾ ਸੀ । ਉਨ੍ਹਾਂ ਕਿਹਾ ਕਿ ਅਕਤੂਬਰ ਤੱਕ ਅਸੀ 70 ਫ਼ੀਸਦੀ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਦਾ ਕਰ ਦੇਣਾ ਹੈ। ਜਿਸ ਤੋ ਬਾਅਦ ਪੰਜਾਬ ਵਿੱਚ ਕਰੀਬ 6 ਲੱਖ ਟਿਊਬਵੈੱਲ ਬੇਕਾਰ ਹੋ ਜਾਣਗੇ। ਫਿਰ ਸਰਕਾਰ ਦੇ ਕਰੀਬ 5000 ਤੋ 6000 ਕਰੋੜ ਰੁਪਏ ਬਚਣਗੇ। ਮਾਨ ਨੇ ਕਿਹਾ ਇਸ ਪੈਸਿਆਂ ਨਾਲ ਅਸੀ ਆਪਣੀਆਂ ਮਾਵਾਂ ਅਤੇ ਭੈਣਾਂ ਨੂੰ 1000 ਰੁਪਏ ਹਰ ਮਹੀਨਾ ਦੇਵਾਂਗੇ।

# ਕਾਂਗਰਸ ਨੇ ਪੰਜਾਬ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਵੇਰਵਾ ਕੀਤਾ ਜਾਰੀ



ਚੰਡੀਗੜ੍ਹ (ਪੰਜਾਬ ਸਟਾਰ)- ਪੰਜਾਬ 'ਚ ਲੋਕ ਸਭਾ ਚੋਣਾਂ 2024 ਲਈ ਨਾਮਜ਼ਦਗੀਆਂ ਦੀ ਸ਼ੁਰੂਆਤ 7 ਮਈ ਤੋ ਹੋ ਗਈ ਹੈ ਤੇ ਇਸ ਦੀ ਆਖਰੀ ਤਰੀਕ ਮੰਗਲਵਾਰ 14 ਮਈ ਹੈ। ਇਸ ਦੇ ਨਾਲ ਹੀ ਕਾਂਗਰਸ ਵੱਲੋਂ ਪੰਜਾਬ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਵੇਰਵਾ ਵੀ ਜਾਰੀ ਕਰ ਦਿੱਤਾ ਗਿਆ ਹੈ। ਕਾਂਗਰਸ ਦੇ ਉਮੀਦਵਾਰ 8 ਮਈ ਨੂੰ ਸੁਖਪਾਲ ਸਿੰਘ ਖਹਿਰਾ ਸੰਗਰੂਰ ਤੋਂ, ਡਾ. ਧਰਮਵੀਰ ਗਾਂਧੀ ਪਟਿਆਲਾ ਤੋਂ, 9 ਮਈ ਨੂੰ ਕੁਲਬੀਰ ਸਿੰਘ ਜ਼ੀਰਾ ਖਡੂਰ ਸਾਹਿਬ ਤੋਂ, ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਤੋਂ, ਚਰਨਜੀਤ ਸਿੰਘ ਚੰਨੀ ਜਲੰਧਰ ਤੋਂ, ਯਾਮਿਨੀ ਗੋਮਰ ਹੁਸ਼ਿਆਰਪੁਰ ਤੋਂ, ਡਾ. ਅਮਰ ਸਿੰਘ ਫ਼ਤਿਹਗੜ੍ਹ ਸਾਹਿਬ, ਅਮਰਜੀਤ ਕੌਰ ਸਾਹੋਕੇ ਫਰੀਦਕੋਟ ਤੋਂ, 10 ਮਈ ਨੂੰ ਜੀਤ ਮਹਿੰਦਰਜੀਤ ਸਿੰਘ ਸਿੱਧੂ ਬਠਿੰਡਾ ਤੋਂ, 11 ਮਈ ਨੂੰ ਗੁਰਜੀਤ ਸਿੰਘ ਔਜਲਾ ਅੰਮ੍ਰਿਤਸਰ ਤੋਂ ਅਤੇ ਵਿਜੇ ਇੰਦਰ ਸਿੰਗਲਾ ਤੋਂ, 13 ਮਈ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨਗੇ।

ਲੋਕ ਸਭਾ ਚੋਣਾਂ ਲਈ ਪੰਜਾਬ 'ਚ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 14 ਮਈ ਮੰਗਲਵਾਰ ਹੈ ਅਤੇ ਨਾਮਜ਼ਦਗੀਆਂ ਦੀ ਪੜਤਾਲ 15 ਮਈ ਬੁੱਧਵਾਰ ਨੂੰ ਹੋਵੇਗੀ। ਉਮੀਦਵਾਰ 17 ਮਈ ਸ਼ੁੱਕਰਵਾਰ ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਸੂਬੇ ਵਿਚ 1 ਜੂਨ ਸ਼ਨੀਵਾਰ ਨੂੰ ਵੋਟਾਂ ਪੈਣਗੀਆਂ। ਵੋਟਾਂ ਪੈਣ ਦਾ ਸਮਾਂ ਸਵੇਰੇ 7 ਵਜੇ ਤੋ ਸ਼ਾਮ 6 ਵਜੇ ਤੱਕ ਹੋਵੇਗਾ। ਪੰਜਾਬ ਸਮੇਤ ਦੇਸ਼ 'ਚ ਪਈਆਂ ਵੋਟਾਂ ਦੀ ਗਿਣਤੀ 4
ਜੂਨ ਮੰਗਲਵਾਰ ਨੂੰ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ ਵੀਰਵਾਰ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 7 ਮਈ ਤੋ 14 ਮਈ ਤਕ ਜਨਤਕ ਛੁੱਟੀ ਤੋ ਇਲਾਵਾ ਬਾਕੀ ਸਾਰੇ ਨਿਰਧਾਰਤ ਦਿਨਾਂ ਦੌਰਾਨ ਹਲਕਿਆਂ ਦੇ ਡਿਪਟੀ ਕਮਿਸ਼ਨਰਾਂ-ਕਮ-ਰਿਟਰਨਿੰਗ ਅਫ਼ਸਰਾਂ ਕੋਲ ਸਵੇਰੇ 11 ਵਜੇ ਤੋ ਸ਼ਾਮ 3 ਵਜੇ ਤੱਕ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਸਕਦੇ ਹਨ।

ਦੱਸਣਯੋਗ ਹੈ ਕਿ ਨਾਮਜ਼ਦਗੀ ਪੱਤਰ ਫਾਰਮ 2A 'ਚ ਭਰੇ ਜਾਣੇ ਹਨ। ਖ਼ਾਲੀ ਫ਼ਾਰਮ ਸਬੰਧਤ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਲ ਉਪਲਬਧ ਹਨ। ਟਾਈਪ ਕੀਤੇ ਨਾਮਜ਼ਦਗੀ ਪੱਤਰ ਵੀ ਸਵੀਕਾਰ ਕੀਤੇ ਜਾਣਗੇ ਬਸ਼ਰਤੇ ਉਹ ਮੁੱਖ ਚੋਣ ਦਫ਼ਤਰ ਦੀ ਵੈੱਬਸਾਈਟ (https://www.ceopunjab.gov.in) 'ਤੇ ਦਰਸਾਏ ਗਏ ਨਿਰਧਾਰਤ ਫਾਰਮੈਟ ਵਿੱਚ ਹੋਣ। ਉਨ੍ਹਾਂ ਕਿਹਾ ਕਿ 10 ਮਈ ਭਗਵਾਨ ਪਰਸ਼ੂਰਾਮ ਜੈਅੰਤੀ ਵਾਲੇ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ 1881 ਤਹਿਤ ਛੁੱਟੀ ਨਹੀਂ ਹੈ। ਇਸ ਲਈ 10 ਮਈ ਨੂੰ ਨਾਮਜ਼ਦਗੀ ਪੱਤਰ ਰਿਟਰਨਿੰਗ ਅਫ਼ਸਰ ਕੋਲ ਭਰੇ ਜਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 11 ਮਈ ਨੂੰ ਦੂਜਾ ਸ਼ਨੀਵਾਰ ਅਤੇ 12 ਮਈ ਨੂੰ ਐਤਵਾਰ ਹੋਣ ਕਰਕੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਹੋਵੇਗੀ। ਇਸ ਲਈ ਇਨ੍ਹਾਂ ਦੋਵੇਂ ਦਿਨਾਂ ਦੌਰਾਨ ਨਾਮਜ਼ਦਗੀ ਪੱਤਰ ਨਹੀਂ ਭਰੇ ਜਾ ਸਕਣਗੇ।

## BSP ਨੂੰ ਵੱਡਾ ਝਟਕਾ !

# ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਰਾਕੇਸ਼ ਸੋਮਨ AAP 'ਚ ਹੋਏ ਸ਼ਾਮਲ



ਲੋਕ ਸਭਾ ਚੋਣਾਂ ਤੋ ਪਹਿਲਾਂ ਪੰਜਾਬ ਵਿੱਚ ਬਸਪਾ ਨੂੰ ਵੱਡਾ ਝਟਕਾ ਲੱਗਿਆ ਹੈ। ਹੁਸ਼ਿਆਰਪੁਰ ਤੋ ਪਾਰਟੀ ਦੇ ਉਮੀਦਵਾਰ ਰਾਕੇਸ਼ ਸੋਮਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਰਾਕੇਸ਼ ਸੁਮਨ CM ਭਗਵੰਤ ਮਾਨ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੋ ਬਾਅਦ ਰਾਕੇਸ਼ ਸੋਮਨ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਕਲੀਨਿਕ ਅਤੇ ਸਕੂਲਾਂ ਨੂੰ ਬੇਹਤਰ ਬਣਾਕੇ ਬਹੁਤ ਵਧੀਆ ਕੰਮ ਕਰ ਰਹੀ ਹੈ। ਹਰ ਗਰੀਬ ਨੂੰ ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣਾ ਪੁੰਨ ਦਾ ਕੰਮ ਹੈ ਜੋ ਭਗਵੰਤ ਮਾਨ ਦੀ ਸਰਕਾਰ ਪੰਜਾਬ ਦੇ ਲੋਕਾਂ ਲਈ ਕਰ ਰਹੀ ਹੈ। ਜਿਸ ਕਰਕੇ ਉਹਨਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਲਿਆ ।

## ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਦਾ ਵੱਡਾ ਬਿਆਨ-

# 'ਹਰ ਸਿੱਖ ਨੂੰ ਜੰਮਣੇ ਚਾਹੀਦੇ 5-5 ਬੱਚੇ'



ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸਿੱਖਾਂ ਨੂੰ ਆਪਣੇ ਬੱਚਿਆਂ ਦੀ ਗਿਣਤੀ ਵਧਾਉਣ ਨੂੰ ਕਿਹਾ ਹੈ। ਗਿਆਨੀ ਹਰਨਾਮ ਸਿੰਘ ਧੁੰਮਾ ਨੇ ਕਿਹਾ ਕਿ ਹਰੇਕ ਸਿੱਖ ਪਰਿਵਾਰ ਨੂੰ 5 ਬੱਚੇ ਪੈਦਾ ਕਰਨੇ ਚਾਹੀਦੇ ਹਨ। ਧੁੰਮਾ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ।

ਧੁੰਮਾ ਨੇ ਕਿਹਾ ਕਿ ਹਰੇਕ ਸਿੱਖ 5 ਬੱਚੇ ਪੈਦਾ ਕਰੇ। ਜੇਕਰ ਤੁਸੀ ਉਨ੍ਹਾਂ ਦੀ ਦੇਖਭਾਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਮੈਨੂੰ ਦੇ ਦਿਓ। ਇਕ ਬੱਚਾ ਘਰ ਰੱਖੋ, 4 ਮੈਨੂੰ ਦੇ ਦਿਓ। ਇਨ੍ਹਾਂ ਬੱਚਿਆਂ ਵਿਚ ਮੈਂ ਆਉਣ ਵਾਲਾ ਭਵਿੱਖ ਦੇਖਦਾ ਹਾਂ। ਇਨ੍ਹਾਂ ਨੂੰ ਗੁਰਮਤਿ ਸਿੱਖਿਆ ਦਿੱਤੀ ਜਾਵੇਗੀ। ਇਨ੍ਹਾਂ ਵਿਚੋ ਕੋਈ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ, ਕੋਈ ਗ੍ਰੰਥੀ, ਕੋਈ ਸ਼ਹੀਦ ਤੇ ਕੋਈ ਵਿਦਵਾਨ ਬਣੇਗਾ। ਇਨ੍ਹਾਂ ਨੂੰ ਗੁਰਮਿਤ ਵਿਦਵਾਨ ਬਣਾਵਾਂਗਾ, ਜਿਨ੍ਹਾਂ ਨੂੰ ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਪਛਾਣਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਕ ਬੱਚੇ ਤੱਕ ਸੀਮਤ ਨਾ ਰਹੋ। ਅਸੀ (ਸਿੱਖ) ਸੂਬੇ ਵਿਚ 52 ਫੀਸਦੀ ਆਬਾਦੀ ਹੈ ਜਦੋਂ ਕਿ ਬਾਕੀ ਪ੍ਰਵਾਸੀ ਹਨ। ਆਉਣ ਵਾਲੇ ਸਮੇਂ ਵਿਚ ਅਸੀ ਘੱਟ ਗਿਣਤੀ ਹੋ ਜਾਵਾਂਗੇ। ਫਿਰ ਇਹ ਸਾਨੂੰ ਕੁੱਟਣਗੇ। ਅੱਜ ਕੱਲ੍ਹ ਨਸ਼ਾ ਕਰਨ ਵਾਲੇ ਬੱਚੇ ਆਪਣੇ ਮਾਪਿਆਂ ਨੂੰ ਕੁੱਟ ਰਹੇ ਹਨ। ਜੇਕਰ ਤੁਹਾਡੇ ਕੋਲ 4 ਹਨ ਤਾਂ ਘੱਟੋ-ਘੱਟ ਇਕ ਤੁਹਾਡੀ ਦੇਖਭਾਲ ਕਰੇਗਾ, ਦੂਜਾ ਗੁਰੂਘਰ ਜਾਂ ਹੋਰ ਕਾਰ ਸੇਵਾ ਕਰੇਗਾ। ਅੱਜ ਬੱਚੇ ਨਸ਼ੇ ਵਿਚ ਮਰ ਰਹੇ ਹਨ ਪਰ ਲੋਕ ਡੇਰਿਆਂ ਵਿਚ ਭੇਜਣ ਨੂੰ ਤਿਆਰ ਨਹੀਂ। ਪਹਿਲਾਂ ਸਿੱਖਿਆ ਡੇਰਿਆਂ ਵਿਚ ਹੀ ਲਈ ਜਾਂਦੀ ਸੀ। ਇਹ ਡੇਰੇ ਹੀ ਹਨ ਜਿਨ੍ਹਾਂ ਨੇ ਪੰਜਾਬੀ ਤੇ ਸੱਭਿਅਤਾ ਨੂੰ ਸੰਭਾਲ ਕੇ ਰੱਖਿਆ। ਗੁਰਮਿਤ ਗਿਆਨ ਲੋਕਾਂ ਤੱਕ ਪਹੁੰਚਾਇਆ ਹੈ।

# ਫਿਰੋਜ਼ਪੁਰ ਸੀਟ 'ਤੇ ਕਾਂਗਰਸ ਨੇ ਐਲਾਨਿਆ ਉਮੀਦਵਾਰ

## ਸ਼ੇਰ ਸਿੰਘ ਘੁਬਾਇਆ ਨੂੰ ਦਿੱਤੀ ਟਿਕਟ



ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ 'ਚ ਕਾਂਗਰਸ ਵੱਲੋਂ ਫਿਰੋਜ਼ਪੁਰ ਤੋਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਕਾਂਗਰਸ ਨੇ ਅਕਾਲੀ ਦਲ ਦੇ ਹੀ ਪੁਰਾਣੇ ਚੇਹਰੇ ਸ਼ੇਰ ਸਿੰਘ ਘੁਬਾਇਆ ਨੂੰ ਟਿਕਟ ਦਿੱਤੀ ਹੈ। ਘੁਬਾਇਆ ਨੇ ਸਾਲ 2021 ਵਿੱਚ ਅਕਾਲੀ ਦਲ ਛੱਡ ਕੇ ਕਾਂਗਰਸ ਜੁਆਇਨ ਕਰ ਲਿਆ ਸੀ। ਇਸ ਦੇ ਨਾਲ ਹੀ ਕਾਂਗਰਸ ਨੇ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਦੱਸ ਦਈਏ ਕਿ ਆਮ ਆਦਮੀ ਪਾਰਟੀ ਵੱਲੋਂ ਜਗਦੀਪ ਸਿੰਘ ਕਾਕਾ ਬਰਾੜ ਨੂੰ ਆਪਣਾ ਉਮੀਦਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਮੈਂਬਰ ਪਾਰਲੀਮੈਂਟ ਸਵਰਗੀ ਸਰਦਾਰ ਜੋਰਾ ਸਿੰਘ ਮਾਨ ਦੇ ਬੇਟੇ ਨਰਦੇਵ ਸਿੰਘ ਬੌਬੀ ਮਾਨ ਨੂੰ ਆਪਣਾ ਉਮੀਦਵਾਰ ਬਣਾਇਆ ਜਾ ਚੁੱਕਿਆ ਹੈ। ਬਹੁਜਨ ਸਮਾਜ ਪਾਰਟੀ ਵੱਲੋਂ ਸੁਰਿੰਦਰ ਕੰਬੋਜ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ। ਲੋਕ ਸਭਾ ਸੀਟ ਲਈ ਭਾਜਪਾ ਅਤੇ ਆਲ ਇੰਡੀਆ ਕਾਂਗਰਸ ਵੱਲੋ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਅਜੇ ਬਾਕੀ ਸੀ ਕਿ ਅੱਜ ਮੰਗਲਵਾਰ ਨੂੰ ਕਾਂਗਰਸ ਹਾਈ ਕਮਾਨ ਵੱਲੋਂ ਸ਼ੇਰ ਸਿੰਘ ਘੁਬਾਇਆ ਨੂੰ ਫਿਰੋਜਪੁਰ ਤੋ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ, ਜਿਸ ਨਾਲ ਮੁਕਾਬਲਾ ਹੁਣ ਜੋਰ ਅਜਮਾਈ ਵਾਲਾ ਬਣ ਗਿਆ ਹੈ।



# ਮਾਲਟਨ ਤੋਂ ਰੈਕਸਡੇਲ ਨਗਰ ਕੀਰਤਨ 'ਚ ਹੋਇਆ ਰਿਕਾਰਡਤੋੜ ਇਕੱਠ












ਸਟਾਰ ਨਿਊਜ਼: ਓਨਟਾਰੀਓ ਗੁਰਦੁਆਰਾ ਕਮੇਟੀ ਅਤੇ ਸਹਿਯੋਗੀ ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ 5 ਮਈ ਨੂੰ ਖ਼ਾਲਸੇ ਦੇ 325ਵੇਂ ਸਾਜਨਾ ਦਿਵਸ ਅਤੇ 1984 ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਨੂੰ ਸਮਰਪਿਤ ਨਗਰ ਕੀਰਤਨ ਦਾ ਅਯੋਜਨ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਮਾਲਟਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਕੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਿੱਖ ਸਪਿਰਚੁਅਲ ਸੈਂਟਰ, ਰੈਕਸਡੇਲ ਗੁਰਦੁਆਰਾ ਸਾਹਿਬ ਵਿਖੇ ਜਾਕੇ ਸਮਾਪਤ ਹੋਇਆ। ਇਸ ਸਾਲ ਦੇ ਨਗਰ ਕੀਰਤਨ ਵਿੱਚ ਸੰਗਤਾਂ ਦਾ ਰਿਕਾਰਡਤੋੜ ਇਕੱਠ ਦੇਖਣ ਨੂੰ ਮਿਲਿਆ। ਨਗਰ ਕੀਰਤਨ ਵਿੱਚ ਸੁਸ਼ੋਭਿਤ ਨਵੀਂ ਪਾਲਕੀ ਸਾਹਿਬ ਵੀ ਅਕਰਸ਼ਣ ਦਾ ਕੇਂਦਰ ਸੀ। ਨਗਰ ਕੀਰਤਨ ਵਿੱਚ ਸਿੱਖ ਇਤਿਹਾਸ ਅਤੇ ਸਿੱਖ ਸੰਘਰਸ਼ ਨੂੰ ਦਰਸਾਉਂਦੇ ਹੋਏ ਬਹੁਤ ਸਾਰੇ ਫਲੋਟ ਵੀ ਸ਼ਾਮਿਲ ਕੀਤੇ ਗਏ ਸਨ। ਬਹੁਤ ਸਾਰੇ ਸਿਆਸੀ ਨੁਮਾਇੰਦੇ ਆਪਣੀ ਹਾਜ਼ਰੀ ਲਵਾਉਣ ਲਈ ਵੀ ਪਹੁੰਚੇ ਹੋਏ ਸਨ ਕੁੱਝ ਬੁਲਾਰਿਆਂ ਨੇ ਮਾਲਟਨ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਆਪਣੇ ਵਿਚਾਰ ਰੱਖੇ ਕੁੱਝ ਸਿਆਸੀ ਬੁਲਾਰਿਆਂ ਨੇ ਰੈਕਸਡੇਲ ਦੀ ਸਟੇਜ ਤੋ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਨਗਰ ਕੀਰਤਨ ਦੇ ਪੂਰੇ ਰਾਹ ਵਿੱਚ ਅਤੇ ਰੈਕਸਡੇਲ ਗੁਰਦੁਆਰਾ ਸਾਹਿਬ ਵਿੱਚ ਖਾਣ ਪੀਣ ਦੇ ਸਟਾਲ ਲੱਗੇ ਹੋਏ ਸਨ। ਸਟੇਜ ਅੱਗੇ ਲੱਗੇ ਪੰਡਾਲ ਵਿੱਚ ਘੱਟ ਸੰਗਤ ਦੇਖਣ ਨੂੰ ਮਿਲੀ ਸੰਗਤ ਦਾ ਬਹੁਤਾ ਰੁਝਾਨ ਖਾਣ ਪੀਣ ਵਾਲੇ ਸਟਾਲਾਂ ਵੱਲ ਵਧੇਰੇ ਦੇਖਣ ਨੂੰ ਮਿਲਿਆ। ਦੂਸਰਾ ਸੰਗਤ ਵਿੱਚ ਇਹ ਗੱਲ ਵੀ ਸੁਣਨ ਨੂੰ ਮਿਲੀ ਕਿ ਖ਼ਾਲਿਸਤਾਨ ਦੇ ਏਨੇ ਝੰਡੇ ਦੇਖ ਕੇ ਇਹ ਨਗਰ ਕੀਰਤਨ ਕਿਸੇ ਧਾਰਮਿਕ ਸਮਾਗਮ ਨਾਲੋ ਇੱਕ ਸਿਆਸੀ ਸਮਾਗਮ ਵਧੇਰੇ ਲੱਗ ਰਿਹਾ ਸੀ। ਪ੍ਰਬੰਧਕਾਂ ਵੱਲੋਂ ਸੰਗਤ ਦੀ ਸੁਵਿਧਾ ਲਈ ਅਤੇ ਸੰਗਤ ਨੂੰ ਜਾਬਤੇ ਵਿੱਚ ਰੱਖਣ ਲਈ ਵੀ ਵਧੀਆ ਪ੍ਰਬੰਧ ਕੀਤੇ ਗਏ ਸਨ। ਸਮੁੱਚੇ ਸਮਾਮਗ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਉਨਟੈਰੀਓ ਗੁਰਦੁਆਰਾਜ਼ ਕਮੇਟੀ ਵਧਾਈ ਦੀ ਪਾਤਰ ਹੈ। ਇਸ ਸਾਲ ਦੇ ਨਗਰ ਕੀਰਤਨ 'ਤੇ ਰੈਕਸਡੇਲ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ 9 ਮਤੇ ਸੰਗਤ ਨੂੰ ਪੜ੍ਹਕੇ ਸੁਣਾਏ ਗਏ ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

1). ਖ਼ਾਲਸੇ ਦੇ 325ਵੇ ਸਾਜਨਾ ਦਿਵਸ ਉੱਪਰ ਸਮੁੱਚੀ ਸਿੱਖ ਕੌਮ ਨੂੰ ਇੱਕ ਮੁੱਠ ਹੋ ਕੇ ਹਿੰਦੋਸਤਾਨ ਦੀ ਸਰਕਾਰ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਅਤੇ ਕੌਮੀ ਘਰ ਖਾਲਿਸਤਾਨ ਦੀ ਸਥਿਤੀ ਲਈ ਸੰਘਰਸ਼ ਕਰਨ ਦਾ ਸੱਦਾ ਦਿੰਦੇ ਹਾਂ।

2). 1984 ਦੇ ਘੱਲੂਘਾਰੇ ਦੀ 40ਵੀ ਵਰ੍ਹੇਗੰਢ ਤੇ ਕੌਮ ਦੇ ਸਿਰਲਥ ਯੋਧੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲੇ ਅਤੇ ਉਹਨਾਂ ਦੇ ਸਾਥੀਆਂ ਦੀ ਕੁਰਬਾਨੀ ਸਾਡੇ ਲਈ ਪ੍ਰੇਰਣਾ ਸਰੋਤ ਹੈ। ਓਨਟਾਰੀਓ ਗੁਰਦੁਆਰਾ ਕਮੇਟੀ ਇਹ ਵਚਨਬੱਧਤਾ ਦਹੁਰਾਉਂਦੀ ਹੈ ਕੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਗਤਾਂ ਦੇ ਸਹਿਯੋਗ ਦੇ ਨਾਲ ਸੰਘਰਸ਼ ਕਰਦੇ ਰਹਾਂਗੇ।

3). ਅੱਜ ਦਾ ਇਹ ਇਕੱਠ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕਰਦਾ ਹੈ ਕਿ ਗੁਰਬਾਣੀ ਮਹਾਂਵਾਕ "ਹੋਵਹੁ ਇਕੱਤਰ ਮਿਲਹੁ ਮੇਰੇ ਭਾਈ। ਦੁਬਿਧਾ ਦੂਰ ਕਰਹੁ ਲਿਵ ਲਾਏ।" ਅਨੁਸਾਰ ਆਪਸੀ ਮੱਤਭੇਦ ਭੁਲਾ ਕੇ ਇਕਜੁੱਟਤਾ ਨਾਲ ਖਾਲਿਸਤਾਨ ਸੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਕੀਤਾ ਜਾਵੇ।

4). ਅੱਜ ਦਾ ਇਹ ਇਕੱਠ ਓਨਟਾਰੀਓ ਗੁਰਦੁਆਰਾ ਕਮੇਟੀ ਨਾਲ ਸਬੰਧਤ ਗੁਰਦੁਆਰਾ ਸਹਿਬਾਨ ਨੂੰ ਤਾਕੀਦ ਅਤੇ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਵਿੱਚ ਅਰਦਾਸ ਬੇਨਤੀ ਦੌਰਾਨ ਦੋਹਰਾ "ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫੌਜ। ਛਤਰ ਝੁਲੇਂਗੇ ਸੀਸ ਪਰ ਬੜੀ ਕਰੇਂਗੀ ਮੌਜ" ਪੜ੍ਹਨਾ ਸ਼ੁਰੂ ਕੀਤਾ ਜਾਵੇ।

5). ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਨੇ ਭਾਰਤੀ ਲੋਕਤੰਤਰ ਦਾ ਕਰੂਪ ਚਿਹਰਾ ਦੁਨੀਆਂ ਭਰ ਦੇ ਵਿੱਚ ਬੇਨਕਾਬ ਕੀਤਾ ਹੈ। ਅੱਜ ਦਾ ਇਹ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕਰਦਾ ਹੈ ਕਿ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਸ਼ੋਭਤ ਕੀਤੀ ਜਾਵੇ।

6.) ਅੱਜ ਦਾ ਇਹ ਇਕੱਠ ਕੌਮ ਦੀ ਨੌਜਵਾਨੀ ਨੂੰ ਯਾਦ ਦਿਵਾਉਣੀ ਚਾਹੁੰਦਾ ਹੈ ਕੇ ਸਾਡੇ ਨਾਇਕ/ਹੀਰੋ ਕੌਮ ਦੇ ਅਣਗਿਣਤ ਸਿੰਘ ਸਿੰਘਣੀਆਂ ਹਨ ਨਾ ਕੇ ਲੱਚਰਤਾ ਭਰੇ ਗੀਤ ਲਿਖਣ ਗਾਉਣ ਵਾਲੇ ਗਾਇਕ ਅਤੇ ਕਲਾਕਾਰ ਜੋ ਸਾਨੂੰ ਸਿੱਖੀ ਤੋਂ ਭਟਕਾਂ ਰਹੇ ਹਨ। ਅਸੀਂ ਨੌਜਵਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਮਾਰਗ ਦਰਸ਼ਨ ਲਈ ਸ਼ਹੀਦ ਸਿੰਘ ਸਿੰਘਣੀਆਂ ਨੂੰ ਆਪਣੇ ਪ੍ਰੇਰਨਾ ਸਰੋਤ ਬਣਾਉਣ।

7. ਓਨਟਾਰੀਓ ਗੁਰਦੁਆਰਾ ਕਮੇਟੀ ਵੱਖ-ਵੱਖ ਤਰੀਕੇ ਨਾਲ ਸੰਘਰਸ਼ ਕਰ ਰਹੀਆਂ ਸਮੂੰਹ ਪੰਥਕ ਜਥੇਬੰਦੀਆਂ ਦੀ ਪੁਰਜ਼ੋਰ ਹਮਾਇਤ ਕਰਦੀ ਹੈ ਅਤੇ ਸੰਗਤ ਅਪੀਲ ਕਰਦੇ ਹਾਂ ਕਿ ਦੁਨੀਆਂ ਭਰ ਵਿੱਚ ਚੜ੍ਹਦੀ ਕਲਾ ਨਾਲ ਚੱਲ ਰਹੀ ਰੈਫਰੈਂਡਮ ਦੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਇਆਂ ਜਾਵੇ।

8. ਅੱਜ ਦਾ ਇਹ ਇਕੱਠ ਕਨੇਡਾ ਦੀ ਸਰਕਾਰ ਨੂੰ ਅਪੀਲ਼ ਕਰਦਾ ਹੈ ਕੇ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੇ ਵਰਕ ਪਰਮਿਟ ਨਾਲ ਸਬੰਧਤ ਮਸਲਿਆਂ ਨੂੰ ਸੁਹਿਰਦਤਾ ਨਾਲ ਨਜਿੱਠਿਆ ਜਾਵੇ ਤਾਂ ਕਿ ਨੌਜਵਾਨਾਂ ਦਾ ਭਵਿੱਖ ਕਨੇਡੀਅਨ ਕਦਰਾ ਕੀਮਤਾਂ ਅਨੁਸਾਰ ਸੁਰਿਖਿਅਤ ਕੀਤਾ ਜਾ ਸਕੇ।

9. ਅੱਜ ਦਾ ਇਹ ਇਕੱਠ ਕਨੇਡਾ ਦੀ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਹਿੰਦੋਸਤਾਨ ਦੀ ਸਰਕਾਰ ਅਤੇ ਸਬੰਧਤ ਕਰਿੰਦਿਆਂ ਦੀ ਕਨੇਡਾ ਵਿੱਚ ਭੂਮਿਕਾ ਦੀ ਨਿਸ਼ਾਨਦੇਹੀ ਕਰਕੇ ਕਨੇਡਾ ਦੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਹਿੰਦੋਸਤਾਨੀ ਸਰਕਾਰੀ ਅੱਤਵਾਦੀ ਏਜੰਸੀ ਰਾਅ ਨੂੰ ਕਨੇਡਾ ਵਿੱਚ ਅੱਤਵਾਦੀ ਜਥੇਬੰਦੀ ਐਲਾਨਿਆਂ ਜਾਵੇ।


ਅਜਵਾ ਖਜ਼ੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist Call for Consultation 416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you, OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਮਸਲਾ–ਏ–ਸ਼ਬਦ ਗੁਰੂ





ਬੁੱਧ ਸਿੰਘ ਨੀਲੋਂ
94643-70823

### ਸ਼ਬਦ ਗੁਰੂ ਤੋ ਟੁੱਟਿਆ ਮਨੁੱਖ !

ਮਨੁੱਖ ਜਦ ਤੁਰਦਾ ਹੈ ਤਾਂ ਉਸਦੇ ਨਾਲ.ਨਾਲ ਸ਼ਬਦ ਤੁਰਦਾ ਹੈ, ਇੱਕ ਥਾਂ ਤੋਂ ਦੂਜੀ ਥਾਂ ਤੱਕ। ਸ਼ਬਦ ਵੀ ਸਫਰ ਕਰਦੇ ਹਨ ਪਰ ਸ਼ਬਦਾਂ ਦਾ ਕੋਈ ਸਫਰਨਾਮਾ ਨਹੀਂ ਲਿਖਦਾ। ਮਨੁੱਖ ਨੇ ਜਦ ਵੀ ਸਫਰਨਾਮਾ ਲਿਖਿਆ ਹੈ ਤਾਂ ਉਸਨੇ ਆਪਣੇ ਝੂਠ ਨੂੰ ਸਦਾ ਹੀ ਸੱਚ ਬਣਾਇਆ ਹੈ। ਪਰ ਸ਼ਬਦ ਕਦੇ ਵੀ ਝੂਠ ਨਹੀਂ ਬੋਲਦੇ। ਮਨੁੱਖ ਬੋਲ ਬਾਣੀ ਤੋਂ ਪਰਖਿਆ ਜਾਂਦਾ ਹੈ। ਮਾਹਿਰ ਸ਼ਬਦਾਂ ਦੇ ਪੈਰ ਨੱਪਦੇ ਸੱਚ ਤੱਕ ਪੁਜ ਜਾਂਦੇ ਹਨ। ਗੁਰੂ ਨਾਨਕ ਨੇ ਸਾਨੂੰ ਸ਼ਬਦ ਦੇ ਨਾਲ ਜੋੜਿਆ । ਸ਼ਬਦ ਤੇ ਸੰਗੀਤ ਮਨੁੱਖਤਾ ਦਾ ਬਿਰਤਾਂਤ ਸਿਰਜਦੇ ਹਨ। ਗੁਰੂ ਗੋਬਿੰਦ ਸਿੰਘ ਨੇ ਸਾਨੂੰ ਸ਼ਬਦ ਦੇ ਲੜ ਲਾਇਆ। ਸ਼ਬਦ ਨੂੰ ਗੁਰੂ ਬਣਾਇਆ ਸੀ।

ਸ਼ਬਦ ਜਦੋ ਗੁਰੂ ਬਣਦਾ ਹੈ ਤਾਂ ਫੇਰ ਉਹ ਸ਼ਬਦ ਨਹੀ ਰਹਿੰਦਾ ਸਗੋ ਉਹ ਗਰੂ ਹੋ ਜਾਂਦਾ ਹੈ। ਪਰ ਅਸੀ ਸ਼ਬਦ ਨੂੰ ਕਦੇ ਵੀ ਗੁਰੂ ਨਹੀ ਮੰਨਿਆ ਤਾਂ ਅਸੀ ਸੰਤਾਪ ਭੋਗ ਰਹੇ ਹਾਂ। ਗੁਰੂ ਜਦੋਂ ਸ਼ਬਦ ਰਾਹੀਂ ਸਾਡੇ ਅੰਦਰ ਵਾਸ ਕਰਦਾ ਹੈ ਤਾਂ ਸਾਡਾ ਅੰਦਰ ਨਿਰਮਲ, ਨਿਰਛਲ ਤੇ ਭੈਅ–ਰਹਿਤ ਹੋ ਜਾਂਦਾ ਹੈ। ਫਿਰ ਮਨ ਅੰਦਰ ਨਾ ਡਰ ਹੁੰਦਾ ਹੈ, ਨਿਰਵੈਰ ਹੁੰਦਾ । ਉਸ ਸਮੇਂ 'ਤੂੰ ਹੀ ਤੂੰ' ਹੁੰਦਾ ਹੈ, ਪਰ ਇਹ ਦੌਰ ਮਨੁੱਖ ਦੇ ਹਿੱਸੇ ਬਹੁਤ ਘੱਟ ਆਉਦਾ ਹੈ।

ਜਦੋਂ ਮਨੁੱਖ ਸ਼ਬਦ ਦੇ ਲੜ ਲੱਗ ਕੇ ਸ਼ਬਦ–ਗੁਰੂ ਤੱਕ ਪੁੱਜਦਾ ਹੈ ਤਾਂ ਸੰਸਾਰਿਕ ਬੰਧਨਾਂ ਤੋ ਮੁਕਤ ਹੋ ਜਾਂਦਾ ਹੈ ਪਰ ਬਹੁਤੀ ਵਾਰ ਤਾਂ ਮਨੁੱਖ ਸ਼ਬਦ ਗੁਰੂ ਤੋ ਬਹੁਤ ਪਿੱਛੇ ਰਹਿ ਜਾਂਦਾ ਹੈ। ਸ਼ਬਦ ਅੱਗੇ ਲੰਘ ਜਾਂਦਾ ਹੈ। ਸ਼ਬਦ ਸਾਨੂੰ ਗਿਆਨ ਨਾਲ ਜੋੜ ਕੇ ਧਿਆਨ ਵੱਲ ਲੈ ਕੇ ਜਾਂਦਾ ਹੈ। ਜਦੋ ਅਸੀ ਧਿਆਨ ਕਰਦੇ ਹਾਂ ਤਾਂ ਸਾਡੇ ਅੰਦਰ ਸੁਪਨਿਆਂ ਦੀ ਤਾਕੀ ਖੁੱਲ੍ਹ ਜਾਂਦੀ ਹੈ। ਉਹ ਤਾਕੀ ਜਿਹੜੀ ਧਿਆਨ ਤੋ ਸਮਾਧੀ ਤੱਕ ਦੇ ਸਫ਼ਰ ਵਿੱਚ ਰੁਕਾਵਟ ਬਣਦੀ ਹੈ। ਅਸੀ ਅੰਦਰ ਵੱਲ ਝਾਕਣ ਦੀ ਵਜਾਏ ਬਾਹਰ ਵੱਲ ਦੇਖਦੇ ਹਾਂ । ਪਰ ਸਾਨੂੰ ਧਿਆਨ ਨਹੀ ਰਹਿੰਦਾ ।

ਅਸੀਂ ਧਿਆਨ ਕਰਦੇ ਹੋਏ, ਉਸ ਤਾਕੀ ਰਾਹੀ ਸੰਸਾਰ ਨੂੰ ਵੇਖਦੇ ਹਾਂ। ਤਾਂ ਸੰਸਾਰ ਖ਼ੂਬਸੂਰਤ ਨਜ਼ਰ ਆਉਦਾ ਹੈ ਪਰ ਉਹ ਸੰਸਾਰ ਜਿਹੜਾ ਸੁਪਨਾ ਹੈ ਤੇ ਅਸੀ ਸੁਪਨਿਆਂ ਦੇ ਵਿੱਚ ਜਿਉਣ ਦੇ ਆਦੀ ਹੋ ਜਾਂਦੇ ਹਾਂ । ਫੇਰ ਅਸੀ ਇਸ ਸੁਪਨਮਈ ਸੰਸਾਰ ਵਿਚ ਹੀ ਜੀਦੇਂ ਤੇ ਮਰਦੇ ਹਾਂ। ਤੇ ਅਸੀ ਸ਼ਬਦ ਗੁਰੂ ਨੂੰ ਭੁੱਲ ਜਾਂਦੇ ਹਾਂ। ਸੰਸਾਰ ਨਾਲ ਜੁੜ ਜਾਂਦੇ ਹਾਂ । ਸੰਸਾਰ ਨਾਲ ਜੁੜਿਆ ਮਨੁੱਖ ਕਦੇ ਵੀ ਧਿਆਨ ਨਹੀ ਲਗਾ ਸਕਦਾ। ਪਦਾਰਥਾਂ ਦਾ ਮੋਹ, ਲਾਲਚ, ਤ੍ਰਿਸ਼ਨਾ, ਦੁੱਖ, ਹਉਮੈ ਤੇ ਲਾਲਸਾ ਉਸ ਨੂੰ ਆਪਣੀ ਗ੍ਰਿਫਤ 'ਚੋਂ ਮੁਕਤ ਨਹੀ ਹੋਣ ਦਿੰਦੀ। ਮੁਕਤੀ ਲਈ ਸਾਨੂੰ ਖ਼ੁਦ 'ਮੁਕਤ' ਹੋਣਾ ਪੈਂਦਾ ਹੈ। ਬਿਨ ਮੁਕਤ ਹੋਇਆਂ ਮੁਕਤੀ ਪ੍ਰਾਪਤ ਨਹੀ ਕੀਤੀ ਜਾ ਸਕਦੀ। ਕੁੱਝ ਪ੍ਰਾਪਤ ਕਰਨ ਲਈ ਸਾਨੂੰ ਕੁੱਝ ਦੇਣਾ ਅਤੇ ਛੱਡਣਾ ਤਾਂ ਪਵੇਗਾ।

ਇਹ ਲੈਣ–ਦੇਣ ਦਾ ਰਿਸ਼ਤਾ ਸੰਸਾਰੀ ਵੀ ਤੇ ਕਰਤਾਰੀ ਵੀ ਹੈ। ਇਹ ਸਾਨੂੰ ਚੱਕਰ ਵਿੱਚ ਘੁੰਮਾਈ ਰੱਖਦਾ ਹੈ। ਚੱਕਰ ਵਿੱਚ ਪਿਆ ਮਨੁੱਖ ਕਦੇ ਵੀ ਬਾਹਰ ਨਹੀ ਆਉਦਾ। ਉਹ ਉਥੇ ਦਾ ਹੋ ਕੇ ਰਹਿ ਜਾਂਦਾ ਹੈ। ਫਿਰ ਉਸਦਾ ਆਪਣਾ ਹੀ ਇੱਕ ਸੰਸਾਰ ਬਣ ਜਾਂਦਾ ਹੈ। ਉਹ ਸੰਸਾਰ ਜਿਸ ਵਿੱਚ ਉਹ ਜਿਉਦਾ ਹੈ। ਜਿਉਦੇ ਰਹਿਣ ਲਈ ਸਾਨੂੰ ਪੌਣ–ਪਾਣੀ, ਕਿਰਤ ਤੇ ਅੰਨ ਦੀ ਲੋੜ ਹੈ। ਜਿਹੜੇ ਜ਼ਿੰਦਗੀ ਨੂੰ ਕਰਤਾਰੀ ਬਣਾਉਦੇ ਹਨ, ਉਹ ਗੁਰੂ ਨੂੰ ਮਿਲਦੇ ਹਨ। ਜ਼ਿੰਦਗੀ ਤੇ ਸੰਸਾਰ ਇੱਕ ਹਨ, ਪਰ ਜਦੋ ਮਨੁੱਖ ਸ਼ਬਦ ਦੀ ਓਟ ਵਿੱਚ ਆਉਦਾ ਹੈ ਤਾਂ ਉਹ ਸ਼ਬਦ ਨਾਲ ਖੇਡਣ ਲੱਗ ਲੈਂਦਾ ਹੈ। ਸ਼ਬਦਾਂ ਨਾਲ ਖੇਡਣ ਵਾਲਾ ਵਿਅਕਤੀ ਬਹੁਤ ਛੇਤੀ ਹੋਰਨਾਂ ਉੱਤੇ ਕਾਬਜ਼ ਹੋ ਜਾਂਦਾ ਹੈ। ਜਦੋ ਤੁਸੀ ਕਬਜ਼ਾ ਕਰਦੇ ਹੋ, ਉਸ ਸਮੇਂ ਤੁਸੀ ਸ਼ਬਦ ਨਾਲੋ ਟੁੱਟ ਕੇ ਸੰਸਾਰ ਨਾਲ ਜੁੜ ਜਾਂਦੇ ਹੋ।

ਸੰਸਾਰ ਨਾਲ ਜੁੜਿਆ ਮਨੁੱਖ ਜਦੋ ਵੀ ਕੁੱਝ ਕਰਦਾ ਹੈ ਤਾਂ ਉਸ ਦੇ ਕੀਤੇ ਦਾ ਕੋਈ ਅਸਰ ਸੰਸਾਰ ਤੇ ਨਹੀ ਪੈਂਦਾ ਹੈ। ਪਰ ਇਹ ਉਸਨੂੰ ਸੰਸਾਰ ਦੇ ਧੁਰ ਅੰਦਰ ਤੀਕ ਲੈ ਜਾਂਦਾ ਹੈ। ਸੰਸਾਰ ਵਿੱਚ ਰਹਿੰਦਾ ਮਨੁੱਖ ਸ਼ਬਦ ਦੀ ਪ੍ਰਵਾਹ ਨਹੀ ਕਰਦਾ। ਜਦੋ ਉਹ ਸ਼ਬਦ ਨਾਲੋ ਟੁੱਟਦਾ ਹੈ ਤਾਂ ਉਹ ਵਕਾਰਾਂ ਵੱਲ ਤੁਰਦਾ ਹੈ।

ਉਹ ਵਕਾਰ ਦੀ ਬਦੋਲਤ ਆਪਣੇ ਆਲ਼ੇ–ਦੁਆਲ਼ੇ ਅਜਿਹਾ ਜੰਗਲ ਉਗਾਉਦਾ ਹੈ, ਉਹ ਜੰਗਲ ਉਸ ਦੁਆਲ਼ੇ ਕੰਡਿਆਲੀ ਤਾਰ ਬਣ ਜਾਂਦਾ ਹੈ। ਉਸ ਦੀ ਹਾਲਤ ਮੱਕੜੀ ਦੇ ਜਾਲ ਵਰਗੀ ਹੁੰਦੀ ਹੈ। ਉਹ ਖ਼ੁਦ ਜਾਲ ਵਿੱਚ ਫਸ ਜਾਂਦਾ ਹੈ। ਜਦੋਂ ਕੋਈ ਵਿਅਕਤੀ ਕਿਸੇ ਭਵ–ਸਾਗਰ ਵਿੱਚ ਫਸ ਜਾਂਦਾ ਹੈ। ਫੇਰ ਉਸ ਦੇ ਮਿੱਤਰ ਹੀ ਦੁਸ਼ਮਣ ਬਣ ਜਾਂਦੇ ਹਨ। ਫੇਰ ਉਹ ਉਸਦੀ ਮਜਬੂਰੀ ਦਾ ਲਾਭ ਤਾਂ ਉਠਾਉਦੇ ਹਨ। ਉਸ ਦਾ ਜਾਇਦਾਦ ਤੇ ਦੌਲਤ ਨੂੰ ਲੁੱਟਦੇ ਹਨ। ਉਹ ਲੁੱਟ ਕਈ ਰੂਪਾਂ ਦੀ ਹੁੰਦੀ ਹੈ। ਕਈ ਵਾਰ ਇਸ ਦਾ ਬਾਹਰੀ ਰੂਪ ਕੋਈ ਹੋਰ ਵੀ ਹੋ ਸਕਦਾ ਹੈ। ਤੇ ਅੰਦਰਲਾ ਰੂਪ ਕੁੱਝ ਹੋਰ ਹੁੰਦਾ ਹੈ।

ਸਾਨੂੰ ਗੁਰੂ ਸਾਹਿਬ ਨੇ ਸ਼ਬਦ ਗੁਰੂ ਦੇ ਲੜ ਲਾਇਆ ਸੀ ਤੇ ਸਮਝਾਇਆ ਸੀ ਕਿ ਹੁਣ ਦੇਹ ਨਹੀ ਸਗੋ ਤੁਹਾਡਾ ਸ਼ਬਦ ਗੁਰੂ ਹੈ ਪਰ ਅਸੀ ਗੁਰੂ ਦਾ ਹੁਕਮ ਭੁੱਲ ਗਏ ਹਾਂ । ਸਾਨੂੰ ਪਤਾ ਹੀ ਨਹੀਂ ਲੱਗਿਆ ਕਿ ਮਨੁੱਖ ਸ਼ਬਦ ਗੁਰੂ ਨਾਲੋ ਟੁੱਟ ਕੇ 'ਪ੍ਰੇਮੀ 'ਕਦੋਂ ਬਣ ਗਿਆ? ਅਸੀ ਸ਼ਬਦ ਨੂੰ ਨਹੀਂ ਸਗੋਂ ਦੇਹ ਨੂੰ ਪ੍ਰੇਮ ਕਰਦੇ ਹਾਂ। ਤਾਂ ਹੀ ਡੇਰਿਆਂ ਤੇ ਸਾਧਾਂ ਵਿੱਚ ਵਾਧਾ ਹੋਇਆ ਹੈ।ਸ਼੍ਰੋਮਣੀ ਗੁਰਦੁਆਰਾ ਕਮੇਟੀ ਆਪਣਾ ਫਰਜ਼ ਭੁੱਲ ਗਈ। ਗੁਰਦੁਆਰਿਆਂ ਦੇ ਉਪਰ ਜੱਟਵਾਦ ਭਾਰੂ ਹੋ ਗਿਆ ।

ਇਹ ਸਫਰ ਬਹੁਤਾ ਲੰਮਾ ਨਹੀ ਥੋੜ੍ਹਾ ਹੀ ਹੈ ਪਰ ਅਸੀ ਸ਼ਬਦ ਗੁਰ ਤੋ ਬਹੁਤ ਦੂਰ ਹੋ ਗਏ ਹਾਂ । ਅਸੀ ਸ਼ਬਦ ਕੋਲੋਂ ਦੂਰ ਕਿਉ ਹੋਏ ਜਾਂ ਸਾਨੂੰ ਕਿਸੇ ਨੇ ਕੀਤਾ ਹੈ ? ਅਸੀ ਕਦੇ ਆਪਣੇ ਆਪ ਨੂੰ ਸਵਾਲ ਹੀ ਨਹੀਂ ਕੀਤਾ।ਸਾਡੇ ਹੰਕਾਰ ਤੇ ਹਾਉਮੈਂ ਨੇ ਸਾਨੂੰ ਇਸ ਰਸਤੇ ਤੋਰਿਆ ਤੇ ਦੇਹ ਦੇ ਨਾਲ ਜੋੜਿਆ ਹੈ। ਸ਼ਬਦ ਗੁਰੂ ਨਾਲ ਤੋੜਿਆ ਹੈ। ਇਸ ਵਿੱਚ 'ਸ਼ਬਦ ਗੁਰੂ' ਵਾਲੇ ਵੀ ਓਨੇ ਹੀ ਕਸੂਰਵਾਰ ਹਨ, ਜਿਨਾਂ ਨੇ ਮਨੁੱਖ ਨੂੰ ਸ਼ਬਦ ਗੁਰੂ ਨਾਲ ਜੋੜਨ ਦੀ ਬਜਾਏ ਉਹਨਾਂ ਨੂੰ ਸਦਾ ਹੀ ਆਪਣੇ ਨਾਲੋ ਤੋੜਿਆ। ਇਸੇ ਤੋੜ–ਵਿਛੋੜੇ ਕਰਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਖੋ–ਵੱਖ ਨਾਵਾਂ ਹੇਠ ਬਹੁਤ ਕੁੱਝ ਉਗ ਆਇਆ ਹੈ। ਜਿਨ੍ਹਾਂ ਵਿੱਚੋ ਜਾਤ–ਪਾਤ ਦੀ ਬੋਅ ਆਉਦੀ ਹੈ।

'ਗੁਰੂ ਸ਼ਬਦ' ਨੇ ਤਾਂ ਨਿਮਾਣਿਆਂ–ਨਿਤਾਣਿਆਂ ਨੂੰ ਸ਼ਕਤੀ ਪ੍ਰਦਾਨ ਕਰਕੇ ਗੁਰੂ ਸ਼ਬਦ ਦੇ ਮੋਹਰੀ ਬਣਾਇਆ ਸੀ। ਉਨਾਂ ਤਾਂ ਜਾਤ–ਪਾਤ ਤੇ ਊਜ–ਨੀਚ ਦਾ ਵਰਕਾ ਹੀ ਪਾੜ ਦਿੱਤਾ ਸੀ। ਉਹ ਵਰਕਾ ਜਿਹੜਾ ਅੱਜ ਪਿੰਡ–ਪਿੰਡ ਥੋਹਰ ਬਣ ਕੇ ਉੱਗ ਆਇਆ ਹੈ। ਇਹਨਾਂ ਥੋਹਰਾਂ ਦੇ ਕੰਡੇ ਸਾਡੇ ਚੁੱਭਦੇ ਹਨ ਪਰ ਅਸੀ ਇਸ ਕੰਡਿਆਲੀ ਥੋਹਰ ਗਲੇ ਲਾ ਲਿਆ ਹੈ। ਹੁਣ ਇਸ ਥੋਹਰ ਨੂੰ ਪਾਣੀ ਵੀ ਉਨ੍ਹਾਂ ਨੇ ਦਿੱਤਾ ਹੈ, ਜਿਹੜੇ ਅੱਜ ਪ੍ਰੇਮੀਆਂ ਨੂੰ ਸ਼ਬਦ ਗੁਰੂ ਨਾਲ ਜੋੜ ਰਹੇ ਹਨ, ਅੱਜ ਉਹੀ ਲੋਕ ਆਪਣੀ ਬਚਾਉਣ ਦੇ ਲਈ ਉਹਨਾਂ ਦਾ ਸਹਾਰਾ ਲੈ ਰਹੇ ਹਨ। ਕੱਲ੍ਹ ਜਿਹੜੇ ਹਾਕਮ ਸਨ, ਅੱਜ ਕਟਹਿਰੇ 'ਚ ਖੜੇ ਹਨ। ਜਿਹਨਾਂ ਨੇ ਗੁਰੂ ਸ਼ਬਦ ਨੂੰ ਭਾਰੀ ਠੇਸ ਪਹੁੰਚਾਈ ਹੈ।

ਇਹ ਠੇਸ ਹੁਣ ਮਨਾਂ ਅੰਦਰ ਹੁੰਦੀ ਮੜੀਆਂ ਤੱਕ ਵੀ ਪੁੱਜ ਗਈ ਹੈ। ਹੁਣ ਪਿੰਡਾਂ ਵਿੱਚ ਪ੍ਰੇਮੀਆਂ ਤੇ ਹੋਰ ਥੋਹਰਾਂ ਦੀ ਭਰਮਾਰ ਹੈ। ਡਰ ਤੇ ਲਾਲਚ ਨਾਲ ਕੋਈ ਸ਼ਬਦ ਗੁਰੂ ਨਾਲ ਨਹੀ ਜੁੜ ਸਕਦਾ । ਨਾ ਹੀ ਸਿਰੋਪਾ ਪਾਉਣ ਨਾਲ ਕੋਈ ਗੁਰੂ ਦੇ ਮਾਰਗ ਦਾ ਪਾਂਧੀ ਨਹੀ ਬਣ ਸਕਦਾ ਹੈ। ਸ਼ਬਦ ਗੁਰੂ ਨੇ ਸਾਨੂੰ ਜਾਤਪਾਤ ਵਿੱਚੋਂ ਬਾਹਰ ਕੱਢਿਆ ਸੀ ਪਰ ਅਸੀ ਨਿਕਲ ਨਹੀ ਸਕੇ। ਇਸ ਸਦੀਵੀ ਦਰਦ ਉੱਤੇ ਬੜੀ ਦੇਰ ਪਹਿਲਾਂ ਲਾਲ ਸਿੰਘ ਦਿਲ ਦੀ ਲਿਖੀ ਇੱਕ ਕਵਿਤਾ 'ਜਾਤ' ਯਾਦ ਆਉਦੀ ਹੈ, ਜਿਸਦੇ ਬੋਲ ਹਨ:

* ਮੈਨੂੰ ਪਿਆਰ ਕਰਦੀ ਏਂ
ਪਰ–ਜਾਤ ਕੁੜੀਏ,
ਸਾਡੇ ਸਕੇ ਮੁਰਦੇ ਵੀ
ਇੱਕ ਥਾਂ ਨਹੀ ਜਲਾਏ ਜਾਂਦੇ। *

ਸਮਾਜ ਵਿਚ ਜਾਤਾਂ ਦੀਆਂ ਥੋਹਰਾਂ ਸਾਡੇ ਸਿਰਾਂ ਵਿੱਚ ਉਗ ਆਈਆਂ ਹਨ ਜੋ ਹੁਣ ਨਾਸੂਰ ਬਣ ਗਈਆਂ ਹਨ । ਜਿਸ ਤਰ੍ਹਾਂ ਨੀਵੀਆਂ ਜਾਤੀਆਂ ਤੇ ਪ੍ਰੇਮੀਆਂ ਨੂੰ ਡਾਂਗ ਦੇ ਜ਼ੋਰ ਨਾਲ ਸ਼ਬਦ ਗੁਰੂ ਨਾਲ ਜੋੜਿਆ ਜਾ ਰਿਹਾ ਹੈ, ਇਹ ਡਰਾਮਾ ਤੇ ਡਰਾਵਾ ਹੈ। ਉਝ ਤਾਂ 'ਸ਼ਬਦ ਗੁਰੂ' ਵਾਲੇ ਵੀ ਨਹੀ ਚਾਹੁੰਦੇ ਕਿ ਇਹ ਪ੍ਰੇਮੀ ਨੀਵੀਆਂ ਜਾਤਾਂ ਵਾਲੇ ਸਾਡੇ ਨਾਲ ਆ ਰਲਣ।

ਜੇ ਇਹ ਨਿੱਕੀਆਂ–ਨਿੱਕੀਆਂ ਜਾਤਾਂ 'ਸ਼ਬਦ ਗੁਰੂ' ਦੇ ਲੜ ਲੱਗ ਗਈਆਂ ਤਾਂ ਇੱਕ ਦਿਨ ਇਹ ਆਪਣਾ ਹਿੱਸਾ ਵੀ ਮੰਗਣਗੀਆਂ। ਜਿਵੇਂ ਪਿੰਡ ਤੱਲਣ ਵਿੱਚ 'ਸ਼ਬਦ ਗੁਰੂ' ਵਾਲੇ ਆਪਣਾ ਹਿੱਸਾ ਮੰਗਣ ਚੱਲੇ ਸੀ। ਹੁਣ ਇਸ ਜਾਤ ਦੀ ਥੋਹਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਮਨੁੱਖ ਫੇਰ ਜਾਤਾਂ ਤੇ ਨਸਲਾਂ ਵਿੱਚ ਵੰਡਿਆ ਜਾ ਰਿਹਾ ਹੈ। ਹੁਣ ਤੁਹਾਡੀ ਲਿਆਕਤ ਨਹੀ ਜਾਤ ਪਰਖੀ ਜਾਂਦੀ ਹੈ। ਤੁਹਾਡੇ ਉਤੇ ਠੱਪਾ ਲਾਇਆ ਜਾਂਦਾ ਹੈ ਉਚ ਤੇ ਨੀਚ ਦਾ।

ਹੁਣ ਅਸੀ ਆਧੁਨਿਕ ਦੌਰ ਵਿੱਚੋ ਦੀ ਲੰਘ ਰਹੇ ਹਾਂ, ਹੁਣ ਫੇਰ ਜਾਤ ਦੇ ਬੀਜ ਫੇਰ ਬੀਜੇ ਜਾ ਰਹੇ ਹਨ। ਭਾਵੇਂ ਮਨੁੱਖ ਇਕ ਹੈ ਪਰ ਜਾਤਪਾਤ ਨੇ ਮਨੁੱਖ ਬਹੁਤ ਟੁੱਕੜਿਆਂ ਦੇ ਵਿੱਚ ਵੰਡ ਦਿੱਤਾ ਹੈ। ਸਾਇੰਸ ਨੇ ਮਨੁੱਖ ਦੀਆਂ ਬਾਹਰੀ ਦੂਰੀਆਂ ਘੱਟ ਕਰ ਦਿੱਤੀਆਂ ਪਰ ਅੰਦਰਲੀਆਂ ਵੱਧ ਗਈਆਂ ਹਨ। ਭਾਵੇਂ ਸਾਰੇ ਪਾਸੇ ਤਕਨੀਕ ਨੇ ਦੁਨੀਆਂ ਨੂੰ ਇੱਕ–ਦੂਜੇ ਦੇ ਨੇੜੇ ਲੈ ਆਂਦਾ ਹੈ। ਉਝ ਸਾਇੰਸ ਨੇ ਤਰੱਕੀ ਦੀਆਂ ਬੁਲੰਦੀਆਂ ਛੋਹ ਲਈਆਂ ਹਨ, ਪਰ ਅਸੀਂ ਅਜੇ ਵੀ ਆਪਣੇ ਆਪ ਨੂੰ ਸਤਾਰਵੀ ਸਦੀ ਵੱਲ ਖਿੱਚੀ ਜਾ ਰਹੇ ਹਾਂ। ਰੂੜ੍ਹੀਆਂ ਦੇ ਨਾਲ ਜੁੜਦੇ ਜਾ ਰਹੇ ਹਾਂ।

ਬਾਬਰਸ਼ਾਹੀ, ਜਹਾਂਗੀਰੀ ਤੇ ਔਰੰਗਜ਼ੇਬੀ ਦਾ ਦੌਰ ਫਿਰ ਪਾਸਾ ਬਦਲ ਗਿਆ ਹੈ।ਉਦੋਂ ਜ਼ਬਰਨ ਮੁਸਲਮਾਨ ਬਣਾਇਆ ਜਾਂਦਾ ਸੀ। ਹੁਣ ਰਾਸ਼ਟਰਵਾਦੀ ਹਿੰਦੂ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ ਤੇ ਅਸੀਂ ਬਣ ਰਹੇ ਹਾਂ।

ਬਾਬਿਆਂ ਨੇ ਤੇ ਆਖਿਆ ਸੀ :

'ਏਕ ਨੂਰ ਤੇਂ ਸਭ ਜਗਿ ਉਪਜਿਆ ਕਉਨ ਭਲੇ, ਕੌਣ ਮੰਦੇ।'

ਪਰ ਅਸੀਂ 'ਏਕ ਨੂਰ' ਵਾਲੀ ਵਿਚਾਰਧਾਰਾ ਦਾ ਸ਼ਰੇਆਮ ਆਪਣੇ ਆਪ ਹੀ ਕਤਲ ਕਰ ਰਹੇ ਹਾਂ। ਪਰ ਫੇਰ ਕਾਤਲ ਨਹੀਂ ਅਖਵਾਉਦੇ ਕੇਹੀ ਵਿਡੰਬਨਾ ਹੈ ?

ਹੁਣ ਨਾ ਤਾਂ ਕੋਈ ਅਬਦਾਲੀ ਹੈ, ਨਾ ਜ਼ਕਰੀਆ ਖ਼ਾਂ ਹੈ। ਹੁਣ ਤਾਂ ਆਪਣਿਆਂ ਦੀ ਆਪਣਿਆਂ ਨਾਲ ਜੰਗ ਹੈ। ਇਹ ਉਹ ਜੰਗ ਹੈ, ਜਿਸ ਵਿੱਚ ਬਾਲਣ ਆਮ ਲੋਕ ਬਣ ਰਹੇ ਹਨ ਜਿਨਾਂ ਨੂੰ ਅਜੇ ਵੀ ਰੋਜ਼ੀ ਰੋਟੀ ਦਾ ਚੌਵੀ ਘੰਟੇ ਫਿਕਰ ਵੱਢ–ਵੱਢ ਕੇ ਖਾ ਰਿਹਾ ਹੈ। ਇਹ ਫਿਕਰ ਦੀ ਪੰਡ ਉਨਾਂ ਦੇ ਸਿਰ ਉੱਤੋਂ ਕਿਸੇ ਨੇ ਵੀ ਧਰਮ ਨੇ ਉਤਾਰਨੀ ਨਹੀਂ, ਉਹ ਤਾਂ ਉਨ੍ਹਾਂ ਅੰਦਰ ਦਬਾਈ ਗਈ ਉਸਸ਼ਕਤੀ ਨੇ ਉਤਾਰਨੀ ਹੈ ਜਿਸਨੂੰ ਮਨੁੱਖ ਭੁੱਲ ਗਿਆ ਹੈ।

ਹੁਣ ਚਿੜੀਆਂ ਨੂੰ ਬਾਜ਼ਾਂ ਤੋਂ ਡਰ ਲਗਦੇ ਹੈ, ਜਿਹੜੀਆਂ ਚਿੜੀਆਂ ਤਾਂ ਸਦਾ ਬਾਜ਼ਾਂ ਦਾ ਭੋਜਨ ਬਣਦੀਆਂ ਰਹੀਆਂ ਹਨ ਤੇ ਬਣ ਰਹੀਆਂ ਹਨ, ਪਰ ਜਦੋਂ ਮਨੁੱਖ ਹੀ ਭੋਜਨ ਜਾਂ ਬਾਲਣ ਬਣ ਜਾਵੇ ਤਾਂ ਸ਼ਬਦ ਗੁਰੂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਸਦਾ ਜਿਉਂਦਾ ਰਹਿੰਦਾ ਹੈ ਤੇ ਇਹ ਕਿਤਾਬਾਂ ਦੇ ਵਿੱਚ ਤੇ ਜਜ਼ਬਾਤਾਂ ਵਿੱਚ ਜਿਉਦਾ ਰਹਿੰਦਾ ਹੈ ਤੇ ਰਹੇਗਾ ਭਾਵੇਂ ਆਖਦੇ ਹਨ ਕਿ ਸਿਆਸਤ, ਜੰਗ ਤੇ ਪਿਆਰ ਵਿੱਚ ਸਭ ਕੁੱਝ ਜਾਇਜ਼ ਹੁੰਦਾ ਹੈ। ਹਰ ਜਾਇਜ਼ ਗੱਲ ਕਿਸੇ ਵਾਸਤੇ ਨਜਾਇਜ਼ ਵੀ ਹੋ ਸਕਦੀ ਹੈ।

ਸ਼ਬਦ ਗੁਰੂ ਤੋ ਪ੍ਰੇਮੀ ਤੱਕ ਦਾ ਸਫ਼ਰ ਤਾਂ ਇਨ੍ਹਾਂ ਨੇ ਤਹਿ ਕਰ ਲਿਆ ਹੈ। ਹੁਣ ਇਹ ਉੱਡਦੇ ਬਾਜ਼ਾਂ ਮਗਰ ਕਦੋਂ ਜਾਣਗੇ? ਜਿਨਾਂ, ਇਨ੍ਹਾਂ ਦਾ ਸੁਖ ਅਰਾਮ ਖੋਹ ਲਿਆ ਹੈ ਮਨ ਦਾ ਚੈਨ। ਸ਼ਬਦ ਦੇ ਲੜ ਲੱਗ ਕੇ ਗਿਆਨ ਤਾਂ ਮਿਲਦਾ ਹੈ, ਪਰ ਸ਼ਬਦ ਜਦੋਂ ਤਲਵਾਰ ਬਣ ਕੇ ਸੀਨੇ ਅੰਦਰ ਧਸਦਾ ਹੈ, ਤਾਂ ਬਹੁਤ ਕੁੱਝ ਮਰ ਜਾਂਦਾ ਹੈ। ਜੋ ਅਣਕਿਹਾ ਹੁੰਦਾ ਹੈ।

ਇਸ ਅਣਕਹੇ ਅੰਦਰ ਬਣਾ ਕੁੱਝ ਕਹਿਣ ਜੋਗਾ ਵੀ ਨਹੀਂ ਕਿ ਸ਼ਬਦ ਦੀ ਤਲਾਸ਼ ਵਿੱਚ ਭਟਕਿਆ ਮਨੁੱਖ ਕਿੱਧਰੇ ਮਾਰੂਥਲ ਵਿੱਚ ਹੀ ਨਾ ਗਵਾਚ ਜਾਵੇ। ਸ਼ਬਦ ਗੁਰੂ ਤੋਂ ਪ੍ਰੇਮੀ ਤੱਕ ਦਾ ਸਫ਼ਰ ਸਾਡੇ ਸਮਿਆਂ ਦਾ ਉਹ ਸੱਚ ਹੈ, ਜਿਹੜਾ ਪਹਿਲਾਂ ਕਦੇ ਵੀ ਨਹੀਂ ਹੋਇਆ। ਸ਼ਬਦ ਮਨੁੱਖ ਨੂੰ ਜੋੜਦਾ ਹੈ, ਆਪਣੇ ਆਪ ਨਾਲ।

ਉਸ ਅਦਿੱਖ ਸ਼ਕਤੀ ਦੇ ਨਾਲ। ਮਨੁੱਖ ਨੂੰ ਕਦੋ ਸਮਝ ਆਵੇਗੀ, ਜਿਹੜਾ ਹਉਮੈ ਤੇ ਹੰਕਾਰ ਦੀ ਪੰਡ ਚੁੱਕੀ, ਤੇ ਨਫ਼ਰਤ ਦੀ ਤਲਵਾਰ ਫੜੀ ਹਰ ਥਾਂ ਖੜਾ ਹੈ, ਉਸਦਾ ਆਪਣਾ ਸ਼ਰੀਰ ਵੀ ਉਸਦਾ ਆਪਣਾ ਨਹੀਂ ਹੈ, ਇਹ ਵੀ ਉਧਾਰਾ ਹੈ ਮਾਂ–ਬਾਪ ਪਾਸੋਂ ਲਿਆ, ਪਰ ਮਨੁੱਖ ਨੂੰ ਕਦ ਅਰਥ ਸਮਝ ਲੱਗਣਗੇ? ਮਨੁੱਖ ਤੋ ਵੱਡਾ ਕੋਈ ਨਹੀਂ। ਧਰਮ, ਜਾਤ, ਗੋਤ ਤਾਂ ਸ਼ੈਤਾਨ ਦੀ ਸੰਤਾਨ ਹਨ।

ਆਓ ਇਨ੍ਹਾਂ ਤੋਂ ਮੁਕਤ ਹੋਈਏ। ਆਪਣੇ ਅੰਦਰ ਝਾਤੀ ਮਾਰੀਏ। ਆਪਣੇ ਆਪ ਨੂੰ ਪਛਾਣਿਆ ਜਾਵੇ ਕਿ ਅਸੀਂ ਕੌਣ ਹਾਂ? ਸ਼ਬਦ ਗੁਰੂ ਤੋ ਪ੍ਰੇਮ ਦੇ ਅਰਥ ਜਾਣੀਏ। ਸ਼ਬਦ ਦੇ ਨਾਲ ਜੁੜੀਏ ਤੇ ਉਸ ਦੇ ਉਪਦੇਸ਼ ਨੂੰ ਜ਼ਿੰਦਗੀ 'ਚ ਵਸਾਈਏ।

ਸ਼ਬਦ ਬਿਨਾਂ ਇਹ ਸੰਸਾਰ 'ਚ ਹਨੇਰਾ ਹੈ। ਸ਼ਬਦ ਸਾਨੂੰ ਚਾਨਣ ਵੱਲ ਲੈ ਕੇ ਜਾਂਦਾ ਹੈ। ਸ਼ਬਦ ਦੇ ਕੀਤੀ ਪਿੱਠ ਸਾਨੂੰ ਹਨੇਰ ਵੱਲ ਲੈ ਕੇ ਜਾ ਰਹੀ ਹੈ ਹੁਣ ਅਸੀ ਚੋਣ ਕਰਨੀ ਹੈ ਕਿ ਅਸੀ ਕਿਹੜੇ ਰਸਤੇ ਤੁਰਨਾ ਹੈ?

ਸਾਡੀ ਮੁਕਤੀ ਸ਼ਬਦ ਨਾਲ ਜੁੜਿਆ ਹੀ ਹੋਣੀ ਹੈ। ਸ਼ਬਦ ਨਾਲੋਂ ਟੁੱਟਿਆ ਮਨੁੱਖ ਨਾ ਘਰ ਦਾ ਨਾ ਘਾਟ ਦਾ ਰਹਿੰਦਾ ਹੈ। ਮਨੁੱਖਤਾ ਦੀ ਗਲਵੱਕੜੀ ਹੀ ਸਾਨੂੰ ਬਚਾ ਸਕਦੀ ਹੈ...ਦੂਰੀ ਸਾਨੂੰ ਖ਼ਤਮ ਕਰ ਦੇਵੇਗੀ। ਅਸੀ ਪਖੰਡ ਵਧੀਆ ਕਰਦੇ ਹਾਂ ।

ਗਿਆਨ ਵਿਹੂਣਾ ਗਾਵੈ ਗੀਤ
ਭੁੱਖੇ ਮੁੱਲਾ ਘਰੇ ਮਸੀਤ !

ਆਓ ਆਪਾਂ ਸ਼ਬਦ ਗੁਰੂ ਨਾਲ ਜੁੜੀਏ, ਹੁਣ ਜੰਗ ਹਥਿਆਰਾਂ ਦੇ ਨਾਲ ਨਹੀ ਸਗੋ ਵਿਚਾਰਾਂ ਨਾਲ ਲੜੀ ਜਾ ਰਹੀ ਹੈ। ਸ਼ਬਦ ਤੋ ਵੱਡਾ ਕੋਈ ਹਥਿਆਰ ਨਹੀ !

CANADIAN TRUCK
TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਕਸ਼
ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL
MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL
YOUR MORTGAGE NEEDS

# ਪ੍ਰਮਾਤਮਾ ਸਭ ਜਗ੍ਹਾ ਸਭ ਨੂੰ ਦੇਖਦਾ ਹੈ?



ਤੁਸੀ ਇਹ ਗੱਲ ਜ਼ਰੂਰ ਸੁਣੀ ਹੋਵੇਗੀ – ਬਚਪਨ 'ਚ ਸੁਣੀ ਹੋਵੇਗੀ – ਕਿ ਪ੍ਰਮਾਤਮਾ ਤੁਹਾਨੂੰ ਦੇਖ ਰਿਹਾ ਹੈ; ਹਰ ਪਲ ਦੇਖ ਰਿਹਾ ਹੈ; ਕਿ ਤੁਸੀ ਜਿੱਥੇ ਕਿਤੇ ਵੀ ਹੋ, ਉਹ ਦੇਖ ਰਿਹਾ ਹੈ; ਜੋ ਵੀ ਤੁਸੀਂ ਕਰ ਰਹੇ ਹੋ, ਉਹ ਦੇਖ ਰਿਹਾ ਹੈ। ਤੁਸੀ ਉਸ ਤੋ ਬਚ ਕੇ ਕਿਤੇ ਨਹੀਂ ਜਾ ਸਕਦੇ।

ਮੈਂ ਇੱਕ ਸੂਫ਼ੀ ਕਹਾਣੀ ਸੁਣੀ ਹੈ। ਇੱਕ ਫਕੀਰ ਕੋਲ ਦੋ ਨੌਜਵਾਨ ਆਏ ਅਤੇ ਉਨ੍ਹਾਂ ਨੇ ਕਿਹਾ ਸਾਨੂੰ ਪ੍ਰਮਾਤਮਾ ਨਾਲ ਮਿਲਾ ਦਿਉ। ਅਸੀ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣਾ ਹੈ।

ਉਸ ਫਕੀਰ ਨੇ ਦੋਹਾਂ ਵੱਲ ਦੇਖਿਆ ਅਤੇ ਦੋ ਕਬੂਤਰ, ਜੋ ਉਸ ਦੇ ਨੇੜੇ ਹੀ ਘੁੰਮ ਰਹੇ ਸਨ, ਉਸ ਦੇ ਹੀ ਪਾਲੇ ਹੋਏ ਕਬੂਤਰ ਸਨ; ਚੁੱਕ ਕੇ ਦੋਹਾਂ ਨੂੰ ਇੱਕ–ਇੱਕ ਕਬੂਤਰ ਦੇ ਦਿੱਤਾ ਅਤੇ ਕਿਹਾ ਕਿ ਇੱਕ ਕੰਮ ਕਰੋ; ਇਹ ਤੁਹਾਡੀ ਪ੍ਰੀਖਿਆ ਹੈ। ਤੁਸੀ ਕਿਸੇ ਅਜਿਹੀ ਜਗ੍ਹਾ 'ਤੇ ਜਾਓ, ਜਿੱਥੇ ਤੁਹਾਨੂੰ ਕੋਈ ਨਾ ਦੇਖ ਰਿਹਾ ਹੋਵੇ ਅਤੇ ਉੱਥੇ ਇਨ੍ਹਾਂ ਕਬੂਤਰਾਂ ਨੂੰ ਮਾਰ ਦਿਓ। ਅਤੇ ਜਦੋ ਤੁਸੀ ਅਜਿਹੀ ਜਗ੍ਹਾ ਲੱਭ ਲਵੋ ਜਿੱਥੇ ਕੋਈ ਤੁਹਾਨੂੰ ਨਾ ਦੇਖ ਰਿਹਾ ਹੋਵੇ ਅਤੇ ਕਬੂਤਰ ਨੂੰ ਮਾਰ ਦਿਓ, ਤਾਂ ਵਾਪਸ ਆ ਜਾਇਓ। ਫਿਰ ਅਗਲੀ ਚਰਚਾ ਸ਼ੁਰੂ ਹੋਵੇਗੀ।

ਦੋਵੇਂ ਨੌਜਵਾਨ ਉੱਠੇ; ਦੌੜੇ। ਇੱਕ ਤਾਂ ਨੇੜਲੀ ਗਲੀ ਵਿੱਚ ਗਿਆ; ਦੇਖਿਆ: ਇੱਧਰ ਉੱਧਰ, ਕੋਈ ਨਹੀਂ ਹੈ; ਦੁਪਹਿਰ ਦਾ ਸਮਾਂ ਸੀ; ਲੋਕ ਸੁੱਤੇ ਪਏ ਸਨ। ਗਰਮੀਆਂ ਦੀ ਦੁਪਹਿਰ – ਕੌਣ ਘਰੋਂ ਨਿਕਲਦਾ ਹੈ? ਆਲੇ–ਦੁਆਲੇ ਝਾਤੀ ਮਾਰ ਕੇ, ਕੰਧ ਦੇ ਓਹਲੇ ਖੜ੍ਹ ਗਿਆ ਤੇ ਝੱਟ ਕਬੂਤਰ ਦੀ ਧੌਣ ਮਰੋੜ ਦਿੱਤੀ। ਵਾਪਸ ਆਇਆ; ਉਸ ਨੇ ਚਰਨਾਂ 'ਚ ਕਬੂਤਰ ਰੱਖ ਦਿੱਤਾ। ਤੇ ਕਹਿਣ ਲੱਗਾ ਕਿ ਨਾਲ ਵਾਲੀ ਗਲੀ 'ਚ ਹੀ ਮਾਰ ਲਿਆਇਆ ਹਾਂ। ਇਹ ਵੀ ਕੋਈ ਵੱਡੀ ਗੱਲ ਸੀ ! ਇਹ ਕਿਹੋ ਜਿਹੀ ਪ੍ਰੀਖਿਆ ਹੈ?

ਗੁਰੂ ਜੀ ਨੇ ਕਿਹਾ, ਤੇਰੇ ਨਾਲ ਮੇਰਾ ਮੇਲ ਨਹੀ ਬੈਠ ਸਕੇਗਾ। ਤੂੰ ਕਿਸੇ ਹੋਰ ਨੂੰ ਲੱਭ। ਮੈਂ ਤੈਨੂੰ ਪ੍ਰਮਾਤਮਾ ਦੀ ਅੱਖ ਵਿੱਚ ਅੱਖ ਪਾ ਕੇ ਵੇਖਣ ਦਾ ਤਰੀਕਾ ਨਹੀਂ ਦੱਸ ਸਕਾਂਗਾ।

ਦੂਜਾ ਨੌਜਵਾਨ ਮਹੀਨਿਆਂ ਬਾਅਦ ਵਾਪਸ ਆਇਆ। ਕਿਹਾ ਜਾਂਦਾ ਹੈ: ਸਾਲ ਬੀਤਣ ਲੱਗਾ ਸੀ, ਉਦੋਂ ਉਹ ਆਇਆ। ਉਦੋਂ ਤਾਂ ਉਸ ਨੂੰ ਪਛਾਣਨਾ ਔਖਾ ਹੋ ਗਿਆ। ਦਾੜ੍ਹੀ ਵਧ ਗਈ ਸੀ; ਰੁੱਖੇ ਵਾਲ, ਉਸ ਨੇ ਕੱਪੜੇ ਜੋ ਪਾਏ ਹੋਏ ਸਨ, ਉਹ ਫਟ ਗਏ ਸਨ। ਘੱਟੇ ਮਿੱਟੀ ਨਾਲ ਭਰਿਆ ਹੋਇਆ। ਪਛਾਣਨਾ ਔਖਾ ਸੀ; ਰੰਗ ਕਾਲਾ ਪੈ ਗਿਆ ਸੀ; ਅਤੇ ਕਬੂਤਰ ਨੂੰ ਜ਼ਿੰਦਾ ਲੈ ਆਇਆ ਸੀ। ਗੁਰੂ ਦੇ ਚਰਨਾਂ ਵਿਚ ਕਬੂਤਰ ਰੱਖ ਦਿੱਤਾ ਅਤੇ ਕਿਹਾ ਕਿ ਮੈਨੂੰ ਮਾਫ਼ ਕਰ ਦਿਓ। ਮੈਂ ਹਾਰ ਗਿਆ। ਮੈਂ ਇਹ ਇਮਤਿਹਾਨ ਪਾਸ ਨਹੀਂ ਕਰ ਸਕਿਆ; ਅਤੇ ਮੈਂ ਇਹ ਇਮਤਿਹਾਨ ਪਾਸ ਕਰ ਵੀ ਨਹੀ ਸਕਾਂਗਾ। ਸਾਲ ਭਰ ਮੈਂ ਜੋ ਵੀ ਕਰ ਸਕਦਾ ਸੀ, ਮੈਂ ਉਹ ਸਭ ਕੀਤਾ। ਪਰ ਅਜਿਹੀ ਜਗ੍ਹਾ ਨਾ ਲੱਭ ਸਕਿਆ ਜਿੱਥੇ ਕੋਈ ਨਾ ਦੇਖ ਰਿਹਾ ਹੋਵੇ, ਹਨੇਰੀਆਂ ਗਲੀਆਂ ਵਿੱਚ ਗਿਆ, ਤਹਿਖਾਨਿਆਂ ਵਿੱਚ ਗਿਆ; ਉਜਾੜ ਵਿੱਚ ਗਿਆ; ਮਾਰੂਥਲਾਂ ਵਿਚ ਗਿਆ। ਤਹਿਖਾਨਿਆਂ ਦੇ ਅੰਦਰ ਜਾ ਕੇ ਹਨੇਰੇ ਤੋ ਹਨੇਰੇ ਵਿਚ ਖਲੋ ਗਿਆ, ਪਰ ਉਥੇ ਵੀ ਕਬੂਤਰ ਦੇਖ ਰਿਹਾ ਸੀ ! ਟਕ ਟਕ ਕਰਦੀਆਂ ਉਸ ਦੀਆਂ ਅੱਖਾਂ ! ਤਾਂ ਮੈਂ ਕਬੂਤਰ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ। ਪਰ ਮੈਂ ਦੇਖ ਰਿਹਾ ਸੀ। ਫਿਰ ਮੈਂ ਆਪਣੀਆਂ ਵੀ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ। ਪਰ ਫਿਰ ਮੈਨੂੰ ਯਾਦ ਆਇਆ ਕਿ ਪ੍ਰਮਾਤਮਾ ਤਾਂ ਦੇਖ ਹੀ ਰਿਹਾ ਹੈ। ਮੈਂ ਅਜਿਹੀ ਥਾਂ ਕਿੱਥੇ ਲੱਭਾਂਗਾ ਜਿੱਥੇ ਪ੍ਰਮਾਤਮਾ ਨਾ ਦੇਖ ਰਿਹਾ ਹੋਵੇ? ਇਹ ਤਾਂ ਤੁਸੀ ਮੈਨੂੰ ਇਹ ਬੇਬੂਝ ਬੁਝਾਰਤ ਦੇ ਦਿੱਤੀ। ਇਹ ਕਬੂਤਰ ਆਪਣਾ ਵਾਪਸ ਲੈ ਲਓ; ਕਿਰਪਾ ਕਰਕੇ ਮੈਨੂੰ ਮੁਆਫ਼ ਕਰ ਦਿਓ। ਮੈਂ ਹਾਰ ਗਿਆ; ਮੈਂ ਦੁਖੀ ਹਾਂ ਕਿ ਮੈਂ ਇੱਕ ਛੋਟਾ ਜਿਹਾ ਕੰਮ ਵੀ ਨਹੀ ਕਰ ਸਕਿਆ, ਜੋ ਤੁਸੀ ਮੈਨੂੰ ਦਿੱਤਾ ਸੀ। ਮੈਂ ਅਯੋਗ ਹਾਂ; ਮੈਂ ਅਪਾਤਰ ਹਾਂ।

ਫਕੀਰ ਨੇ ਉਸ ਨੂੰ ਗਲੇ ਲਗਾ ਲਿਆ ਅਤੇ ਕਿਹਾ ਕਿ ਤੂੰ ਰੁਕ; ਕੰਮ ਹੋ ਗਿਆ ਹੈ; ਤੂੰ ਪ੍ਰੀਖਿਆ 'ਚ ਪਾਰ ਉੱਤਰ ਗਿਆ ਹੈਂ। ਤੇਰਾ ਪਹਿਲਾ ਸਾਥੀ ਹਾਰ ਗਿਆ। ਉਹ ਤਾਂ ਘੜੀ ਭਰ 'ਚ ਹੀ ਕਬੂਤਰ ਮਾਰ ਕੇ ਲੈ ਆਇਆ ਸੀ ! ਸ਼ਾਇਦ ਘੜੀ ਵੀ ਨਹੀਂ ਲੱਗੀ ਸੀ। ਉਹ ਤਾਂ ਨਾਲ ਵਾਲੀ ਗਲੀ ਵਿੱਚ ਹੀ ਮਾਰ ਕੇ ਆ ਗਿਆ ਸੀ। ਉਸ ਨੂੰ ਤਾਂ ਕੁਝ ਵੀ ਹੋਸ਼ ਨਹੀਂ ਸੀ; ਉਸਨੂੰ ਤਾਂ ਸਮਝ ਹੀ ਨਹੀ ਸੀ ਕਿ ਉਹ ਕੀ ਕਰ ਰਿਹਾ ਸੀ। ਤੈਨੂੰ ਹੋਸ਼ ਹੈ; ਤੈਨੂੰ ਸਮਝ ਹੈ। ਤੇਰੀਆਂ ਅੱਖਾਂ ਰੱਬ ਵੱਲ ਹਨ; ਮਿਲਨ ਹੋ ਜਾਵੇਗਾ। ਇੰਨਾਂ ਹੀ ਜਿਸਨੂੰ ਯਾਦ ਹੈ ਕਿ ਪਰਮਾਤਮਾ ਦੇਖ ਰਿਹਾ ਹੈ, ਤਾਂ ਫਿਰ ਬਹੁਤੀ ਮੁਸ਼ਕਲ ਨਹੀਂ ਹੈ।

— ਓਸ਼ੋ

# ਆਪਣੇ ਦੁੱਖਾਂ–ਸੁੱਖਾਂ ਲਈ ਅਸੀਂ ਆਪ ਹੀ ਜ਼ੁੰਮੇਵਾਰ ਹਾਂ?



ਜੇ ਤੁਸੀ ਦੁਖੀ ਹੋ ਤਾਂ ਉਸ ਲਈ ਵੀ ਤੁਸੀ ਜ਼ੁੰਮੇਵਾਰ ਹੋ ਤੇ ਜੇ ਤੁਸੀਂ ਸੁੱਖੀ ਹੋ ਤਾਂ ਉਸ ਲਈ ਵੀ ਤੁਸੀ ਹੀ ਜ਼ੁੰਮੇਵਾਰ ਹੋ। ਹੋਰ ਕੋਈ ਤੁਹਾਡੇ ਦੁੱਖ–ਸੁੱਖ ਲਈ ਜ਼ੁੰਮੇਵਾਰ ਨਹੀਂ। ਤੁਸੀ ਹੀ ਆਪਣੇ ਸਵਰਗ ਜਾਂ ਨਰਕ ਨੂੰ ਸਿਰਜਣ ਵਾਲੇ ਹੋ।

ਬਾਹਰੀ ਕਾਰਨ ਤੁਹਾਨੂੰ ਵਕਤੀ ਤੌਰ ਤੇ ਤਾਂ ਪ੍ਰਭਾਵਤ ਕਰ ਸਕਦੇ ਹਨ। ਪਰ ਅਸਲ ਦੁੱਖ ਜਾਂ ਸੁੱਖ ਦੇ ਕਾਰਨਾਂ ਦੇ ਬੀਜ ਤੁਹਾਡੇ ਆਪਣੇ ਅੰਦਰ ਹਨ। ਬਾਹਰ ਉਨ੍ਹਾਂ ਬੀਜਾਂ ਦੀ ਫਸਲ ਹੀ ਪ੍ਰਗਟ ਹੁੰਦੀ ਹੈ।

ਇਨ੍ਹਾਂ ਬੀਜਾਂ ਨੂੰ ਸਾਡੇ ਅੰਦਰ ਵਸਦੇ ਵਿਕਾਰ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਸਾਡਾ ਮਨ ਬਣਾਉਂਦਾ ਹੈ। ਮਨ ਪਾਰ ਜਾਣ ਦਾ ਅਭਿਆਸ ਹੀ ਇਸ ਤੋ ਛੁਟਕਾਰੇ ਦਾ ਇੱਕੋ ਇੱਕ ਹੱਲ ਹੈ।

ਬਾਹਰੀ ਧਾਰਮਿਕ ਪੂਜਾ–ਪਾਠ, ਨਿਤਨੇਮ, ਕਰਮਕਾਂਡ, ਮੰਤਰ ਜਾਪ ਆਦਿ ਸਾਡੇ ਕਿਸੇ ਕੰਮ ਨਹੀ ਆਉਂਦੇ, ਸਗੋ ਸਾਨੂੰ ਧਰਮੀ ਹੋਣ ਦਾ ਭਰਮ ਪਾ ਦਿੰਦੇ ਹਨ। ਇਹੀ ਸਾਡੇ ਦੁੱਖਾਂ ਦਾ ਕਾਰਨ ਹੈ।

ਆਓ ! ਮਨ ਤੋ ਪਾਰ ਜਾਣ ਦੀ ਕਲਾ ਸਿੱਖੀਏ? ਆਪਣਾ ਅਨੁਭਵ ਆਪ ਕਰੀਏ। ਕਿਸੇ ਦੇ ਕੀਤੇ ਦਾ ਤੁਹਾਨੂੰ ਕੋਈ ਲਾਭ ਨਹੀ ਹੋ ਸਕਦਾ? ਦਿਨ ਵਿੱਚ ਕੁਝ ਸਮਾਂ ਆਪਣੇ ਬਾਹਰ ਭਟਕ ਰਹੇ ਇੰਦਰਿਆਂ ਨੂੰ ਅੰਤਰਮੁੱਖੀ ਕਰਕੇ ਬੈਠਣਾ ਸਿੱਖ ਲਈਏ ਤਾਂ ਅਸੀ ਦੁੱਖ–ਸੁੱਖ ਵਿੱਚੋ ਨਿਕਲ ਕੇ ਆਨੰਦਮਈ ਜੀਵਨ ਜਿਉ ਸਕਦੇ ਹਾਂ।

ਹਰਚਰਨ ਸਿੰਘ ਪ੍ਰਹਾਰ

# ਭਾਰਤ ਵਿੱਚ ਜਮਹੂਰੀਅਤ ਬਚਾਉਣਾ ਸਮੇਂ ਦੀ ਲੋੜ

## ਕਾਣੀ ਵੰਡ ਖ਼ਤਮ ਕਰਕੇ ਹੀ ਜ਼ਮਹੂਰੀਅਤ ਬਣ ਸਕਦੀ ਹੈ







ਬਰੈਂਪਟਨ, (ਜਗੀਰ ਸਿੰਘ ਕਾਹਲੋਂ): ਲੰਘੇ ਸ਼ਨੀਵਾਰ ਇੱਥੇ ਬਰੈਂਪਟਨ ਦੇ 'ਵਿਸ਼ਵ ਪੰਜਾਬੀ ਭਵਨ' ਵਿਚ ਇੱਕ ਵਿਚਾਰ-ਵਟਾਂਦਰੇ ਦਾ ਆਯੋਜਨ ਕੀਤਾ ਗਿਆ ਜਿਸ ਦਾ ਵਿਸ਼ਾ 'ਭਾਰਤ ਵਿਚ ਜਮਹੂਰੀਅਤ ਨੂੰ ਬਚਾਉਣਾ' ਸੀ। ਇਸ ਦਾ ਪ੍ਰਬੰਧ 'ਇੰਡੀਆ ਅਲਾਇੰਸ' ਦੇ ਦੋਸਤਾਂ ਤੇ ਹਮਦਰਦਾਂ ਵੱਲੋਂ ਕੀਤਾ ਗਿਆ ਅਤੇ ਇਸ ਦਾ ਸੱਦਾ ਆਮ ਆਦਮੀ ਪਾਰਟੀ ਦੇ ਜੀ.ਟੀ.ਏ. ਵਿਚ ਫ਼ਾਊਂਡਰ ਮੈਂਬਰ ਤੇ ਪਾਰਟੀ ਦੇ ਲਗਾਤਾਰ ਸਰਗ਼ਰਮ ਰਹੇ ਕਾਰਕੁੰਨ ਸੁਦੀਪ ਸਿੰਗਲਾ ਅਤੇ ਭਾਰਤ ਵਿਚ ਲੰਮਾਂ ਸਮਾਂ ਸੀ.ਪੀ.ਆਈ. (ਐੱਮ) ਦੇ ਕਾਰਕੁੰਨ, ਭਾਰਤ ਦੀ ਯੂਨੀਵਰਸਿਟੀ ਅਏ ਕਾਲਜ ਅਧਿਆਪਕ ਯੂਨੀਅਨ ਵਿਚ ਸਰਗ਼ਰਮ ਰਹੇ ਪੰਜਾਬੀ ਲੇਖਕ ਤੇ ਪਿਛਲੇ ਇਕ ਦਹਾਕੇ ਤੋਂ ਉੱਪਰ ਜੀ.ਟੀ.ਏ. ਵਿਚ ਸੋਸ਼ਲ ਵਰਕਰ ਵਜੋਂ ਵਿਚਰ ਰਹੇ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਦਿੱਤਾ ਗਿਆ ਸੀ। ਮੰਚ-ਸੰਚਾਲਕ ਦੀ ਅਹਿਮ ਜ਼ਿੰਮੇਂਵਾਰੀ ਨਿਭਾਉਂਦਿਆਂ ਹੋਇਆਂ ਪ੍ਰੋ. ਕਾਹਲੋਂ ਨੇ ਇਸ ਵਿਚਾਰ-ਵਟਾਂਦਰੇ ਦੀ ਮਹੱਤਤਾ ਬਾਰੇ ਦੱਸਣ ਉਪਰੰਤ 'ਪੰਜਾਬੀ ਥਿੰਕਰਜ਼ ਫੋਰਮ ਕੈਨੇਡਾ' ਦੇ ਪ੍ਰਤੀਨਿਧ ਦੇਵ ਦੂਹੜੇ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਸੁਦੀਪ ਸਿੰਗਲਾ, ਪੰਜਾਬੀ ਵਿਦਵਾਨ ਤੇ ਲੇਖਕ ਬਲਰਾਜ ਚੀਮਾ ਅਤੇ ਟਾਈਮਜ਼ ਆਫ਼ ਇੰਡੀਆ ਦੇ ਡੇਢ ਦਹਾਕਾ ਰਹੇ ਕਾਲਮ ਨਵੀਸ ਸੁਹਿਰਦ ਪੱਤਰਕਾਰ ਦੇਵਾਂਸ਼ੂ ਨਾਰੰਗ ਨੂੰ ਪ੍ਰਧਾਨਗੀ-ਮੰਡਲ ਵਿਚ ਸੁਸ਼ੋਭਿਤ ਹੋਣ ਲਈ ਬੇਨਤੀ ਕੀਤੀ।

ਪ੍ਰਧਾਨਗੀ-ਮੰਡਲ ਦੀ ਆਗਿਆ ਨਾਲ ਸੱਭ ਤੋਂ ਪਹਿਲਾਂ ਸਮਾਗ਼ਮ ਦੇ ਮੁੱਖ-ਬੁਲਾਰੇ ਦੇਵ-ਦੂਹੜੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਜਮਹੂਰੀਅਤ ਦੀ ਪ੍ਰੀਭਾਸ਼ਾ - "ਲੋਕਾਂ ਦੁਆਰਾ, ਲੋਕਾਂ ਦੀ ਅਤੇ ਲੋਕਾਂ ਵਾਸਤੇ" - ਦੀ ਵਿਆਖਿਆ ਨਾਲ ਕੀਤੀ ਅਤੇ ਭਾਰਤ ਵਿਚ ਜਮਹੂਰੀ ਸੰਸਥਾਵਾਂ ਦੇ ਪਤਨ ਦਾ ਬਾਖ਼ੂਬੀ ਜ਼ਿਕਰ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿਚ ਜਮਹੂਰੀਅਤ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਪ੍ਰੋ. ਇੰਦਰਦੀਪ ਨੇ ਐੱਸ.ਬੀ.ਆਈ. ਦੇ 'ਚੋਣ ਬਾਂਡ ਘਪਲੇ' ਸਬੰਧੀ ਵਿਸਥਾਰ ਦਿੰਦੇ ਹੋਏ ਕਿਹਾ ਕਿ ਜਿੱਥੇ ਇਸ ਭਾਂਤ ਦੇ ਵਿਸ਼ਵ ਦੇ ਸੱਭ ਵੱਡੇ ਘਪਲੇ ਰਾਜ ਕਰਦੀ ਪਾਰਟੀ ਵੱਲੋ ਕੀਤੇ ਜਾਣ, ਉੱਥੇ ਜਮਹੂਰੀਅਤ ਨਹੀਂ ਸਗੋਂ ਫ਼ਾਸ਼ੀਵਾਦ ਦੇ ਆਉਣ ਦਾ ਸੰਕੇਤ ਮਿਲਦਾ ਹੈ। ਜੇਕਰ ਅੱਜ ਭਾਰਤ ਵਿੱਚ ਜਮਹੂਰੀਅਤ ਦੀ ਰਾਖੀ ਨਹੀਂ ਕੀਤੀ ਜਾਂਦੀ ਤਾਂ ਇਸ ਸਮੇਂ ਦੇਸ਼ ਵਿਚ ਹੋਰ ਰਹੀਆਂ ਇਹ ਪਾਰਲੀਮੈਂਟ ਚੋਣਾਂ ਆਖ਼ਰੀ ਹੀ ਹੋ ਸਕਦੀਆਂ ਹਨ।

ਡਾ. ਬਲਜਿੰਦਰ ਸਿੰਘ ਸੇਖੋਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪਿਛਲੇ ਸਮੇਂ ਦੌਰਾਨ ਦੇਸ਼ ਵਿਚ 24134 ਲੋਕਾਂ ਉੱਤੇ 'ਉਆਪਾ' (ਯੂਏਪੀਏ) ਲਗਾਇਆ ਗਿਆ ਅਤੇ ਇਸ ਐਕਟ ਅਧੀਨ ਇਨ੍ਹਾਂ ਵਿੱਚੋ ਕੇਵਲ 112 ਨੂੰ ਹੀ ਦੋਸ਼ੀ ਪਾਇਆ ਗਿਆ ਜਿਸ ਦਾ ਅਰਥ ਹੈ ਕਿ ਬਾਕੀ ਦੇ 24022 ਲੋਕਾਂ ਨੂੰ ਨਾਜਾਇਜ਼ ਤੌਰ 'ਤੇ ਹੀ ਜੇਲ੍ਹਾਂ ਵਿਚ ਬੰਦ ਕੀਤਾ ਗਿਆ। ਹੋਰ ਤਾਂ ਹੋਰ ਅੱਜਕੱਲ੍ਹ ਝਾਰਖੰਡ ਦੇ ਮੁੱਖ ਮੰਤਰੀ ਸੁਰੇਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਬਿਨਾਂ ਕਿਸੇ ਦੋਸ਼ ਤੋ ਨਜ਼ਰਬੰਦ ਕੀਤਾ ਹੋਇਆ ਹੈ ਜੋ ਜਮਹੂਰੀਅਤ ਉੱਪਰ ਸਿੱਧਾ ਹਮਲਾ ਹੈ। ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਜਮਹੂਰੀਅਤ ਅੱਜਕੱਲ੍ਹ ਬੇਸ਼ਕ ਸਰਮਾਏਦਾਰੀ ਦੀ ਹੀ ਗੱਲ ਕਰ ਰਹੀ ਹੈ ਪਰ ਫਿਰ ਵੀ ਇਸ ਵਿਚ ਆਮ ਅਵਾਮ ਨੂੰ ਆਪਣੀ ਆਵਾਜ਼ ਚੁੱਕਣ ਦਾ ਹੱਕ ਹੁੰਦਾ ਹੈ ਜੋ ਕਿ ਭਾਰਤ ਵਿਚ ਹੁਣ ਖੋਹਿਆ ਜਾ ਰਿਹਾ ਹੈ। ਏ.ਪੀ.ਜੇ. ਇਨਸਟੀਚਿਊਟ ਆਫ਼ ਟੈਕਨਾਲੌਜੀ, ਗੁੜਗਾਓ ਦੇ ਸਾਬਕਾ ਪ੍ਰੋਫ਼ੈਸਰ ਸੁਭਾਸ਼ ਦੁੱਗਲ ਦਾ ਵਿਚਾਰ ਸੀ ਕਿ ਅਣਗਿਣਤ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਗਈ ਜਮਹੂਰੀਅਤ ਨੂੰ ਬਚਾਉਣਾ ਅੱਜ ਹਰ ਭਾਰਤੀ ਦਾ ਮੁੱਢਲਾ ਫ਼ਰਜ਼ ਹੈ। ਇਸ ਮੌਕੇ ਦੇਵਾਂਸ਼ੂ ਨਾਰੰਗ ਨੇ ਆਪਣੇ ਦਾਦਾ ਜੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਸਾਂਝੇ ਭਾਰਤ ਵੇਲੇ ਕਾਂਗਰਸ ਦੇ ਆਗੂ ਸਨ। ਉਹ 23 ਸਤੰਬਰ 1947 ਤੱਕ ਲਾਹੌਰ ਵਿਚ ਹਿੰਦੂ-ਮੁਸਲਿਮ ਦੰਗਿਆਂ ਦੇ ਵਿਰੁੱਧ ਡੱਟੇ ਰਹੇ ਅਤੇ ਅੰਤ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਗਏ। ਅੱਜ ਉਨ੍ਹਾਂ ਵਰਗਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਇੱਕੋ-ਇੱਕ ਤਰੀਕਾ ਹੈ ਕਿ ਭਾਰਤ ਵਿਚ ਜਮਹੂਰੀਅਤ ਦੀ ਰਾਖੀ ਕੀਤੀ ਜਾਵੇ। ਆਪਣੇ ਤਜਰਬੇ ਤੋਂ ਉਨ੍ਹਾਂ ਨੇ ਦੱਸਿਆ ਕਿ ਉਹ 15 ਸਾਲ ਟਾਈਮਜ਼ ਆਫ਼ ਇੰਡੀਆ ਦੇ ਕਾਲਮ-ਨਵੀਸ ਰਹੇ ਪਰ ਜਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀਆਂ ਜਮਹੂਰੀਅਤ ਵਿਰੋਧੀ ਤੇ ਫ਼ਾਸ਼ੀਵਾਦੀ ਸਰਗ਼ਰਮੀਆਂ ਦੀ ਆਲੋਚਨਾ ਕਰਨੀ ਆਰੰਭ ਕੀਤੀ ਤਾਂ ਉਨ੍ਹਾਂ ਨੂੰ ਅਖ਼ਬਾਰ ਵਿਚ ਛਪਣਾ ਬੰਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਭਾਰਤ ਵਿਚ ਨਾ ਹੀ 'ਹਿੰਦੂ ਰਾਜ' ਤੇ ਨਾ ਹੀ 'ਖ਼ਾਲਿਸਤਾਨ' ਲੋਕਾਂ ਨੂੰ ਪ੍ਰਵਾਨ ਹੈ। ਭਾਰਤ ਇਕ ਜਮਹੂਰੀ ਅਤੇ ਸੈਕੂਲਰ ਦੇਸ਼ ਹੈ ਅਤੇ ਉੱਥੇ ਇਹ ਦੋਵੇਂ ਸੰਕਲਪ ਬਚਾਉਣੇ ਲਾਜ਼ਮੀ ਹਨ। ਹੋਰਨਾਂ ਬੁਲਾਰਿਆਂ ਵਿਚ ਪ੍ਰਿੰਸੀਪਲ ਕੁਲਵੰਤ ਸਿੰਘ, ਰੁਪਿੰਦਰ ਸਿੰਘ ਉੱਪਲ, ਮਹਿੰਦਰ ਸਿੰਘ ਮੋਹੀ, ਪਰਵਾਸੀ ਪੰਜਾਬੀ ਪੈਂਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਬਰਾੜ ਅਤੇ ਸੁਖਚਰਨਜੀਤ ਕੌਰ ਗਿੱਲ ਸ਼ਾਮਲ ਸਨ।

ਪ੍ਰਧਾਨਗੀ-ਮੰਡਲ ਵੱਲੋ ਬੋਲਦੇ ਹੋਏ ਸੁਦੀਪ ਸਿੰਗਲਾ ਨੇ ਕਿਹਾ ਕਿ ਭਾਰਤ ਵਿਚ ਭਾਜਪਾ ਦਾ ਪਾਣੀ ਲਹਿ ਰਿਹਾ ਹੈ ਤੇ ਉਸ ਨੂੰ ਇਨ੍ਹਾਂ ਚੋਣਾਂ ਵਿਚ ਹਾਰ ਨਜ਼ਰ ਆ ਰਹੀ ਹੈ ਜਿਸ ਕਾਰਨ ਉਹ ਘਬਰਾਹਟ ਵਿਚ ਉਹ ਹਿੰਦੂ-ਮੁਸਲਿਮ ਦਾ ਵੰਡ-ਵਾਦੀ ਪੱਤਾ ਖੇਡ ਰਹੀ ਹੈ ਤੇ ਮੰਗਲ-ਸੂਤਰ ਲਾਹੁਣ ਵਰਗੀਆਂ ਭੜਕਾਊ ਤੇ ਫਜ਼ੂਲ ਗੱਲਾਂ ਕਰ ਰਹੀ ਹੈ। ਗੱਲਬਾਤ ਨੂੰ ਸਮੇਟਦਿਆਂ ਪ੍ਰਧਾਨਗੀ-ਵਿਚਾਰ ਪੇਸ਼ ਕਰਦੇ ਹੋਏ ਬਲਰਾਜ ਚੀਮਾ ਹੁਰਾਂ ਨੇ ਕਿਹਾ ਕਿ ਇਸ ਸਮਾਗ਼ਮ ਦੇ ਪਬੰਧਕਾਂ ਨੇ ਇਹ ਸਫ਼ਲ ਵਿਚਾਰ-ਵਟਾਂਦਰਾ ਆਯੋਜਿਤ ਕਰਕੇ ਜਮਹੂਰੀਅਤ ਪੱਖੀ ਵੱਡਾ ਕਾਰਜ ਕੀਤਾ ਹੈ। ਉਨ੍ਹਾਂ ਸਰੋਤਿਆਂ ਵੱਲੋ ਇਹ ਤਿੰਨ ਘੰਟੇ ਸਬਰ ਨਾਲ ਸੁਣਨ ਦੀ ਵੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਤੱਕ ਵਿਦੇਸ਼ਾਂ ਵਿਚ ਜਮਹੂਰੀਅਤ ਦੀ ਰਾਖੀ ਲਈ ਏਨੇ ਲੋਕ ਲਾਮਬੰਦ ਹੋ ਰਹੇ ਹਨ ਤਾਂ ਭਾਰਤ ਵਿਚ ਇਹ ਜਮਹੂਰੀਅਤ ਖ਼ਤਮ ਨਹੀਂ ਕੀਤੀ ਜਾ ਸਕਦੀ। ਇਸ ਵਿਚਾਰ-ਵਟਾਂਦਰਾ ਸਮਾਗ਼ਮ ਵਿਚ ਪ੍ਰੋ. ਸਿਕੰਦਰ ਸਿੰਘ ਗਿੱਲ, ਪ੍ਰੀਤਮ ਸਿੰਘ ਸਰਾਂ, ਨੂਰ ਮੁਹੰਮਦ ਨੂਰ, ਬੇਗ਼ਮ ਨੂਰ, ਜਸਬੀਰ ਸਿੰਘ ਕਹਿਲ, ਪਰਮਜੀਤ ਕੌਰ ਲਹਿਲ, ਪ੍ਰਿੰਸੀਪਲ ਸ਼੍ਰੀਮਤੀ ਖੰਨਾ, ਦਲਬੀਰ ਕਥੂਰੀਆ, ਨਿਰਮਲ ਢੀਂਡਸਾ, ਅਮਨਜੀਤ ਸਿੰਘ ਵਿਰਕ, ਗੁਰਵੀਰ ਸਿੰਘ ਖਹਿਰਾ, ਪ੍ਰੋ. ਕਸ਼ਮੀਰ ਸਿੰਘ ਨਾਗੀ, ਹਰਜੀਤ ਸਿੰਘ ਗਿੱਲ, ਹੁਨਰ ਕਾਹਲੋਂ, ਸ਼੍ਰੀਮਤੀ ਨਾਗੀ, ਹਰਮਨ ਨਾਗੀ, ਨਿਰਮਲਾ ਕੁਮਾਰੀ, ਸਰਬਜੀਤ ਕੌਰ ਕਾਹਲੋਂ, ਵਿਦਿਆ ਦੇਵੀ, ਆਰੀਅਨ, ਅਮਨ ਸ਼ਰਮਨ, ਗਗਨ ਕੰਗ, ਅੰਮ੍ਰਿਤ ਲੂਥਰਾ, ਮਨਮੋਹਨ ਸਿੰਘ ਵਾਲੀਆ ਅਤੇ ਹੋਰ ਕਈ ਸ਼ਾਮਲ ਸਨ।

ਆਏ ਹੋਏ ਸਮੂਹ ਸਾਥੀਆਂ ਤੇ ਸਮੱਰਥਕਾਂ ਦਾ ਧੰਨਵਾਦ ਕਰਦੇ ਹੋਏ ਜੰਗੀਰ ਸਿੰਘ ਸੈਂਹਬੀ ਹੁਰਾਂ ਕਿਹਾ ਕਿ ਜਮਹੂਰੀਅਤ ਤਾਂ ਲੋਕ ਰਾਜ ਦੀ ਜਿੰਦ-ਜਾਨ ਅਰਥਾਤ 'ਲਾਈਫ਼-ਲਾਈਨ' ਹੈ ਅਤੇ ਇਹ ਹਰ ਹਾਲਤ ਵਿਚ ਕਾਇਮ ਰਹਿਣੀ ਚਾਹੀਦੀ ਹੈ। ਇਸ ਸਮਾਗ਼ਮ ਵਿੱਚ 60 ਤੋਂ ਉੱਪਰ ਲੋਕਾਂ ਵੱਲੋ ਸ਼ਮੂਲੀਅਤ ਕਰਨਾ ਤੇ ਫਿਰ ਤਿੰਨ ਘੰਟੇ ਤੋਂ ਵਧੀਕ ਪੂਰੀ ਤਵੱਜੋ ਨਾਲ ਬੁਲਾਰਿਆਂ ਨੂੰ ਸੁਣਨਾ ਇਸ ਸਮਾਗਮ ਦੀ ਸਫ਼ਲਤਾ ਦਾ ਸੂਚਕ ਹੈ। ਇਸ ਤੋ ਸਾਫ਼ ਜ਼ਾਹਿਰ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਹੋਏ ਭਾਰਤੀ ਆਪਣੇ ਦੇਸ਼ ਵਿਚ ਜਮਹੂਰੀਅਤ ਨੂੰ ਕਾਇਮ ਰੱਖਣ ਲਈ ਕਿੰਨੇ ਫ਼ਿਕਰਮੰਦ ਹਨ।

# ਬਰੈਂਪਟਨ 'ਚ 26 ਮਈ ਨੂੰ ਹੋਣ ਵਾਲੇ 'ਇੰਸਪੀਰੇਸ਼ਨਲ ਸਟੈੱਪਸ 2024' ਈਵੈਂਟ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ...

## ਸਥਾਨਕ ਚੈਰਿਟੀ ਸੰਸਥਾਵਾਂ ਵੱਲੋਂ ਮਿਲ ਕੇ ਕਰਵਾਵੇ ਜਾ ਰਹੇ ਇਸ ਈਵੈਂਟ ਵੱਲੋਂ ਬਰੈਂਪਟਨ ਸਿਟੀ ਕੌਂਸਲ ਵੱਲੋਂ ਮਿਲ ਰਿਹੈ ਭਰਵਾਂ ਸਹਿਯੋਗ




ਬਰੈਂਪਟਨ, 6 ਮਈ (ਡਾ. ਝੰਡ) - ਐਤਵਾਰ 26 ਮਈ ਨੂੰ ਸਥਾਨਕ ਚਿੰਗੂਆਕੂਜ਼ੀ ਪਾਰਕ ਤੋਂ ਆਰੰਭ ਤੇ ਇੱਥੇ ਹੀ ਸਮਾਪਤ ਹੋਣ ਵਾਲੇ ਹਾਫ਼-ਮੈਰਾਥਨ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ 2024' ਲਈ ਮੁੱਢਲੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਬਾਕੀ ਰਹਿੰਦੀਆਂ ਨੂੰ ਅੰਤਮ ਛੋਹ ਦਿੱਤੀ ਜਾ ਰਹੀ ਹੈ। ਇਹ ਮਹਾਨ ਈਵੈਂਟ ਸਥਾਨਕ ਸੰਸਥਾਵਾਂ ਟੀਪੀਏਆਰ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ, ਐੱਨਲਾਈਟ ਕਿੱਡਜ਼, ਸਹਾਇਤਾ, ਡਰੱਗ ਅਵੇਅਰਨੈੱਸ ਸੋਸਾਇਟੀ, ਤਰਕਸ਼ੀਲ ਸੋਸਾਇਟੀ ਅਤੇ ਪਿੰਗਲਵਾੜਾ ਵੱਲੋ ਮਿਲ ਕੇ ਆਯੋਜਿਤ ਕੀਤਾ ਜਾ ਰਿਹਾ ਹੈ।

ਇਸ ਵਾਰ ਦੇ 'ਇੰਸਪੀਰੇਸ਼ਨਲ ਸਟੈੱਪਸ 2024' ਦੀ ਖ਼ਾਸੀਅਤ ਇਹ ਹੈ ਕਿ ਸਿਹਤ ਸਬੰਧੀ ਜਾਗਰੂਕਤਾ ਨਾਲ ਸਬੰਧਿਤ ਇਸ ਈਵੈਂਟ ਵਿਚ ਬਰੈਂਪਟਨ ਸਿਟੀ ਵੱਲੋ ਭਰਵਾਂ ਸਹਿਯੋਗ ਮਿਲ ਰਿਹਾ ਹੈ। ਇਸ ਦੇ ਨਾਲ ਹੀ ਪੀਲ ਰੀਜਨਲ ਪੋਲੀਸ ਵੱਲੋ ਹਰ ਪ੍ਰਕਾਰ ਦੀ ਸੁਰੱਖਿਆ ਯਕੀਨੀ ਬਨਾਉਣ ਦਾ ਭਰੋਸਾ ਦਿਵਾਇਆ ਗਿਆ ਹੈ ਤਾਂ ਜੋ ਇਸ ਦੌੜ ਵਿੱਚ ਸ਼ਾਮਲ ਹੋਣ ਵਾਲੇ ਦੌੜਾਕ ਆਪਣਾ ਧਿਆਨ ਦੌੜ ਵਿਚ ਪੂਰੀ ਤਰ੍ਹਾਂ ਕੇਂਦ੍ਰਿਤ ਕਰ ਸਕਣ। ਇਸ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਇਸ ਈਵੈਂਟ ਦੇ ਪ੍ਰਬੰਧਕ ਨਰਿੰਦਰਪਾਲ ਬੈਂਸ ਨੇ ਕਿਹਾ, "ਇਹ 'ਬਰੈਂਪਟਨ ਹਾਫ਼-ਮੈਰਾਥਨ' ਮਹਿਜ਼ ਇੱਕ ਦੌੜ ਨਹੀਂ ਹੈ, ਸਗੋਂ ਇਹ ਈਵੈਂਟ ਤਾਂ 'ਹਾਂ-ਪੱਖੀ ਤਬਦੀਲੀ' ਤੇ ਸਮਾਜਿਕ- ਸਾਂਝ' ਦਾ ਸੂਚਕ ਹੈ। ਅਸੀ ਆਪਣੀਆਂ ਸਹਿਯੋਗੀ ਸੰਸਥਾਵਾਂ ਤੇ ਹੋਰ ਭਾਈਵਾਲਾਂ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਵੱਲੋ ਮਿਲੇ ਭਰਵੇਂ ਤੇ ਉਸਾਰੂ ਸਹਿਯੋਗ ਸਦਕਾ ਸਾਨੂੰ ਪੂਰਨ ਆਸ ਹੈ ਕਿ ਇਹ ਈਵੈਂਟ ਭਰਪੂਰ ਗਿਣਤੀ ਵਾਲਾ ਅਤੇ ਇਸ ਦੇ ਨਾਲ ਹੀ ਗੁਣਾਤਮਿਕ ਪੱਖੋਂ ਵੀ ਇਹ ਯਾਦਗਾਰੀ ਸਾਬਤ ਹੋਵੇਗਾ। ਅਸੀ ਸਾਰੇ ਮਿਲ ਕੇ ਕਮਿਊਨਿਟੀ ਦੇ ਉੱਜਲੇ ਭਵਿੱਖ ਲਈ ਕੰਮ ਕਰਾਂਗੇ ਅਤੇ ਅੱਗੋਂ ਹੋਰ ਪ੍ਰਾਪਤੀਆਂ ਕਰਾਂਗੇ।"

ਬਰੈਂਪਟਨ ਦੇ ਬਿਜ਼ਨੈੱਸ ਅਦਾਰਿਆਂ ਤੇ ਹੋਰ ਸਥਾਨਕ ਸਮਾਜਿਕ ਸੰਸਥਾਵਾਂ ਵੱਲੋ ਇਸ ਈਵੈਂਟ ਲਈ ਭਾਰੀ ਉਤਸ਼ਾਹ ਵਿਖਾਇਆ ਜਾ ਰਿਹਾ ਹੈ। ਦੌੜ ਦੇ ਸਮੁੱਚੇ ਰੂਟ ਉੱਪਰ ਵੱਖ-ਵੱਖ ਥਾਵਾਂ 'ਤੇ ਕਈ ਸਮਾਜਿਕ ਸੰਸਥਾਵਾਂ ਵੱਲੋ 'ਵਾਟਰ ਸਟੇਸ਼ਨ' ਕਾਇਮ ਕੀਤੇ ਜਾ ਰਹੇ ਹਨ। 'ਬੀਵੀਡੀ ਗਰੁੱਪ' ਇਸ ਈਵੈਂਟ ਦਾ 'ਟਾਈਟਲ ਸਪਾਂਸਰ' ਹੈ ਅਤੇ ਇਸ ਦੇ ਨਾਲ ਹੋਰ ਕਈ ਸਪਾਂਸਰਾਂ ਵੱਲੋ ਵੀ ਭਰਵਾਂ ਸਹਿਯੋਗ ਮਿਲਿਆ ਹੈ। ਦੌੜ ਦੇ ਇਸ ਈਵੈਂਟ ਲਈ ਹੁਣ ਤੀਕ 500 ਦੇ ਲੱਗਭੱਗ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਦੇ ਨਾਵਾਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ ਅਤੇ ਰਜਿਸਟਰੇਸ਼ਨ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਪ੍ਰਬੰਧਕਾਂ ਨੂੰ ਇਸ ਈਵੈਂਟ ਵਿਚ ਲੋਕਾਂ ਵੱਲੋ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਆਸ ਹੈ। ਇਸ ਈਵੈਂਟ ਵਿੱਚ 21 ਕਿਲੋਮੀਟਰ ਹਾਫ਼-ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਮੁਕਾਬਲੇ ਦੀਆਂ ਦੌੜਾਂ ਹੋਣਗੀਆਂ। ਇਸ ਤੋ ਇਲਾਵਾ ਇਸ ਵਿੱਚ ਸ਼ੁਗਲੀਆ ਤੌਰ 'ਤੇ ਪੰਜ ਕਿਲੋਮੀਟਰ ਦੌੜਨ ਤੇ ਤੁਰਨ ਵਾਲੇ ਲੋਕ ਵੀ ਸ਼ਾਮਲ ਹੋਣਗੇ ਅਤੇ ਬੱਚਿਆਂ ਦੀ ਇੱਕ ਕਿਲੋਮੀਟਰ ਦੌੜ ਵੀ ਕਰਵਾਈ ਜਾਏਗੀ। ਲੋਕਾਂ ਵਿੱਚ ਇਸ ਈਵੈਂਟ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਪਹਿਲਾਂ ਮੰਦਿਰ ਸਾਹਮਣੇ ਟੇਕਿਆ ਮੱਥਾ ਫਿਰ ਅੰਨ੍ਹੇਵਾਹ ਸੁੱਟਿਆ ਬੰਬ, ਘਟਨਾ ਸੀਸੀਟੀਵੀ 'ਚ ਹੋਈ ਕੈਦ



ਮੱਧ ਪ੍ਰਦੇਸ਼ ਦੇ ਜਬਲਪੁਰ ਦੇ ਗਮਾਪੁਰ ਥਾਣਾ ਖੇਤਰ ਵਿੱਚ ਇੱਕ ਬਦਮਾਸ਼ ਵੱਲੋ ਦਹਿਸ਼ਤ ਫੈਲਾਉਣ ਲਈ ਇੱਕ ਘਰ ਵਿੱਚ ਬੰਬ ਸੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਇੰਨਾ ਹੀ ਨਹੀ ਬਦਮਾਸ਼ ਨੇ ਪਹਿਲਾਂ ਮੰਦਰ 'ਚ ਅੱਗੇ ਮੱਥਾ ਟੇਕਿਆ ਅਤੇ ਫਿਰ ਇਕ ਘਰ 'ਚ ਜਾ ਕੇ ਬੰਬ ਧਮਾਕਾ ਕਰ ਦਿੱਤਾ। ਇਹ ਘਟਨਾ ਉੱਥੇ ਲੱਗੇ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।ਪੂਰਾ ਮਾਮਲਾ ਘਮਾਪੁਰ ਥਾਣਾ ਖੇਤਰ ਦੇ ਭਾਰਤ ਕ੍ਰਿਸ਼ਕ ਸਮਾਜ ਸਕੂਲ ਨਾਲ ਸਬੰਧਤ ਹੈ। ਇੱਥੇ ਆਨੰਦ ਠਾਕੁਰ ਨਾਮਕ ਇੱਕ ਬਦਮਾਸ਼ ਨੇ ਇੱਕ ਘਰ ਵਿੱਚ ਬੰਬ ਸੁੱਟ ਕੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਅਤੇ ਮੌਕੇ ਤੋ ਫਰਾਰ ਹੋ ਗਿਆ। ਪਰ ਇੱਥੇ ਦਿਲਚਸਪ ਗੱਲ ਇਹ ਹੈ ਕਿ ਇਸ ਬੰਬ ਕਾਂਡ ਨੂੰ ਅੰਜਾਮ ਦੇਣ ਤੋ ਪਹਿਲਾਂ ਆਨੰਦ ਠਾਕੁਰ ਨੇ ਹੱਥ ਜੋੜ ਕੇ ਕਲੋਨੀ ਦੇ ਮੰਦਰ ਵਿੱਚ ਭਗਵਾਨ ਦੀ ਪਰਿਕਰਮਾ ਕੀਤੀ। ਇਸ ਤੋ ਬਾਅਦ ਮਾਨ ਸਿੰਘ ਠਾਕੁਰ ਦੇ ਘਰ ਦੇ ਸਾਹਮਣੇ ਤੋ ਲੰਘਦੇ ਸਮੇਂ ਉਨ੍ਹਾਂ ਨੇ ਇਕ-ਇਕ ਕਰਕੇ ਦੋ ਬੰਬ ਸੁੱਟੇ। ਬੰਬ ਧਮਾਕਾ ਕਰਨ ਤੋ ਬਾਅਦ ਮੁਲਜ਼ਮਾਂ ਨੇ ਗੋਲੀਆਂ ਵੀ ਚਲਾਈਆਂ। ਇਹ ਘਟਨਾ ਗੁਆਂਢੀ ਦੇ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਜਿਸ ਘਰ ਵਿੱਚ ਬੰਬ ਧਮਾਕਾ ਦੀ ਵਾਰਦਾਤ ਨੂੰ ਆਨੰਦ ਠਾਕੁਰ ਨੇ ਅੰਜਾਮ ਦਿੱਤਾ ਹੈ, ਉਸ ਨੇ ਥਾਣੇ ਵਿੱਚ ਰਿਪੋਰਟ ਦਰਜ ਕਰਵਾਈ ਹੈ। ਪੀੜਤ ਮਾਨਸਿੰਘ ਠਾਕੁਰ ਨੇ ਦੱਸਿਆ ਕਿ ਆਨੰਦ ਠਾਕੁਰ ਵੱਲੋ ਉਸ ਦੇ ਘਰ ਵਿੱਚ ਬੰਬ ਸੁੱਟੇ ਗਏ ਸਨ। ਆਨੰਦ ਠਾਕੁਰ ਇਲਾਕਾ ਨਿਵਾਸੀਆਂ ਅਤੇ ਹੋਰ ਕਾਰੋਬਾਰੀਆਂ ਨੂੰ ਧਮਕੀਆਂ ਦਿੰਦਾ ਹੈ ਕਿ ਉਹ ਉਨ੍ਹਾਂ ਤੋ ਪੈਸੇ ਵਸੂਲਣ। ਪੁਲਿਸ ਨੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

GTA
Plumbing & Electrical Supplies
GTA Plumbling & Electrical Supplies



ONE STOP SHOP
FOR ALL PLUMBING &
ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets,
ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ



ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।



ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਗਰਮੀਆਂ 'ਚ ਸਵੇਰ ਦੀ ਧੁੱਪ ਸਿਹਤ ਲਈ ਹੈ ਫਾਇਦੇਮੰਦ



ਗਰਮੀਆਂ ਦੇ ਮੌਸਮ ਵਿੱਚ ਦਿਨ ਇੰਨਾ ਜਲਦੀ ਆ ਜਾਂਦਾ ਹੈ ਕਿ ਸੂਰਜ ਦੀ ਰੌਸ਼ਨੀ ਕਾਰਨ ਲੋਕ ਸਵੇਰੇ ਸੈਰ ਨਹੀਂ ਕਰ ਪਾਉਂਦੇ ਹਨ, ਅਸਲ ਵਿੱਚ ਕੜਕਦੀ ਧੁੱਪ ਨੂੰ ਦੇਖਦਿਆਂ ਹੀਟ ਸਟ੍ਰੋਕ ਦੇ ਡਰ ਕਾਰਨ ਲੋਕ ਜਿੰਮ ਜਾਣਾ ਪਸੰਦ ਕਰਦੇ ਹਨ। ਕਸਰਤ ਕਰੋ ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਗਰਮੀ ਦੇ ਮੌਸਮ ਵਿੱਚ ਸਵੇਰ ਦੀ ਧੁੱਪ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਨਾਲ ਹੀ, ਤੁਹਾਨੂੰ ਇਹ ਸੈਰ ਕਿਸ ਸਮੇਂ ਅਤੇ ਕਿੰਨੇ ਮਿੰਟਾਂ ਲਈ ਕਰਨੀ ਚਾਹੀਦੀ ਹੈ?

**ਸਰੀਰ ਨੂੰ ਇਹ ਫਾਇਦੇ ਮਿਲਦੇ ਹਨ:**

**ਭਾਰ ਘਟਦਾ ਹੈ:** ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਹਲਕੀ-ਹਲਕੀ ਧੁੱਪ ਵਿਚ ਸੈਰ ਕਰਨ ਨਾਲ ਮੋਟਾਪੇ ਨੂੰ ਘੱਟ ਕਰਨ ਵਿਚ ਮਦਦ ਮਿਲਦੀ ਹੈ।

**ਵਿਟਾਮਿਨ ਡੀ ਪ੍ਰਾਪਤ ਕਰੋ:** ਵਿਟਾਮਿਨ ਡੀ ਦੀ ਕਮੀ ਨਾਲ ਹੱਡੀਆਂ ਅਤੇ ਜੋੜਾਂ ਦੀ ਸਮੱਸਿਆ ਹੋ ਜਾਂਦੀ ਹੈ, ਇਸ ਨੂੰ ਮਜ਼ਬੂਤ ਕਰਨ ਲਈ ਵਿਟਾਮਿਨ ਡੀ ਜ਼ਰੂਰੀ ਹੈ ਅਤੇ ਤੁਸੀਂ ਇਸਨੂੰ ਸੂਰਜ ਦੀ ਰੌਸ਼ਨੀ ਤੋਂ ਪ੍ਰਾਪਤ ਕਰ ਸਕਦੇ ਹੋ। ਇਹ ਤੁਹਾਨੂੰ ਰਿਕਟਸ ਅਤੇ ਓਸਟੀਓਮਲੇਸੀਆ ਵਰਗੀਆਂ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ।

**ਇਮਿਊਨਿਟੀ ਮਜ਼ਬੂਤ ਹੋਵੇਗੀ :** ਜੇਕਰ ਤੁਸੀਂ ਮੌਸਮੀ ਬੀਮਾਰੀਆਂ ਦਾ ਸ਼ਿਕਾਰ ਹੋ ਤਾਂ ਰੋਜ਼ਾਨਾ ਸਵੇਰੇ ਦੀ ਧੁੱਪ 'ਚ ਸੈਰ ਕਰੋ, ਇਸ ਨਾਲ ਤੁਹਾਡੀ ਕਮਜ਼ੋਰ ਇਮਿਊਨਿਟੀ ਮਜ਼ਬੂਤ ਹੋਵੇਗੀ। ਨਾਲ ਹੀ, ਤੁਸੀਂ ਛੂਤ ਦੀਆਂ ਬਿਮਾਰੀਆਂ ਦਾ ਸ਼ਿਕਾਰ ਨਹੀਂ ਹੋਵੋਗੇ।

**ਮੂਡ ਹੋਵੇਗਾ ਚੰਗਾ:** ਸੂਰਜ ਦੀ ਰੌਸ਼ਨੀ ਸਾਨੂੰ ਕਈ ਬਿਮਾਰੀਆਂ ਤੋਂ ਬਚਾਉਂਦੀ ਹੈ ਅਤੇ ਸਾਡਾ ਮੂਡ ਵੀ ਸੁਧਾਰਦੀ ਹੈ। ਹਰ ਰੋਜ਼ ਲੋੜੀਦੀ ਮਾਤਰਾ ਵਿੱਚ ਸੂਰਜ ਦੀ ਰੌਸ਼ਨੀ ਲੈਣ ਨਾਲ ਤੁਹਾਡੀ ਡਿਪਰੈਸ਼ਨ ਅਤੇ ਚਿੰਤਾ ਤੋਂ ਛੁਟਕਾਰਾ ਮਿਲਦਾ ਹੈ।

ਸਰੀਰ ਦੀ ਬਿਹਤਰ ਸਿਹਤ ਲਈ ਸਵੇਰੇ 7 ਤੋਂ 8 ਵਜੇ ਤੱਕ ਸੂਰਜ ਦੀ ਰੌਸ਼ਨੀ ਸਭ ਤੋਂ ਵਧੀਆ ਮੰਨੀ ਜਾਂਦੀ ਹੈ। ਤੁਹਾਨੂੰ ਹਰ ਰੋਜ਼ ਸਵੇਰੇ 7 ਤੋਂ 8 ਦੇ ਵਿਚਕਾਰ 15 ਤੋਂ 20 ਮਿੰਟ ਸੈਰ ਕਰਨੀ ਚਾਹੀਦੀ ਹੈ। ਇਸ ਤੋਂ ਜ਼ਿਆਦਾ ਐਕਸਪੋਜਰ ਤੁਹਾਡੀ ਚਮੜੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਜਦੋਂ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ ਤਾਂ ਕਿਸੇ ਨੂੰ ਧੁੱਪ ਵਿਚ ਬਾਹਰ ਜਾਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਝੁਲਸਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਹੀਟ ਸਟ੍ਰੋਕ ਦਾ ਵੀ ਖਤਰਾ ਹੈ।

# ਜ਼ਿਆਦਾ ਕੋਲਡ ਡ੍ਰਿੰਕ ਪੀਣਾ ਹੋ ਸਕਦੈ ਖ਼ਤਰਨਾਕ

ਗਰਮੀਆਂ ਵਿੱਚ ਲੋਕ ਕੋਲਡ ਡਰਿੰਕ ਬਹੁਤ ਪੀਦੇ ਹਨ। ਬਾਜ਼ਾਰ ਹੋਵੇ ਜਾਂ ਘਰ, ਲੋਕ ਆਪਣੀ ਪਿਆਸ ਬੁਝਾਉਣ ਲਈ ਕੋਲਡ ਡਰਿੰਕ ਹੀ ਲੱਭਦੇ ਹਨ। ਚਾਹੇ ਬੱਚੇ ਹੋਣ ਜਾਂ ਵੱਡੇ, ਹਰ ਕੋਈ ਕੋਲਡ ਡਰਿੰਕਸ ਦਾ ਸਵਾਦ ਪਸੰਦ ਕਰਦਾ ਹੈ। ਕੋਲਡ ਡਰਿੰਕ ਪੀਣ ਨਾਲ ਚੰਗਾ ਲੱਗਦਾ ਹੈ ਪਰ ਇਸ ਦਾ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਜੇਕਰ ਤੁਸੀਂ ਕੋਲਡ ਡਰਿੰਕ ਦੇ ਸ਼ੌਕੀਨ ਹੋ ਤਾਂ ਤੁਹਾਨੂੰ ਅਲਰਟ ਰਹਿਣ ਦੀ ਲੋੜ ਹੈ। ਬਹੁਤ ਜ਼ਿਆਦਾ ਕੋਲਡ ਡਰਿੰਕ ਪੀਣ ਨਾਲ ਸਰੀਰ ਵਿੱਚ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਨਾਲ ਕਈ ਬੀਮਾਰੀਆਂ ਦਾ ਖਤਰਾ ਵਧ ਜਾਂਦਾ ਹੈ। ਹੈਲਥਲਾਈਨ ਦੀ ਰਿਪੋਰਟ ਮੁਤਾਬਕ ਕੋਲਡ ਡਰਿੰਕਸ 'ਚ ਚੀਨੀ ਅਤੇ ਕੈਲੋਰੀ ਤੋਂ ਇਲਾਵਾ ਕੋਈ ਵੀ ਪੋਸ਼ਕ ਤੱਤ ਨਹੀਂ ਹੁੰਦਾ। ਨਕਲੀ ਚੀਨੀ ਦੀ ਜ਼ਿਆਦਾ ਮਾਤਰਾ ਵਿਚ ਵਰਤੋਂ ਕਰਨ ਨਾਲ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਮਾਹਰ ਡਾਕਟਰਾਂ ਦਾ ਕਹਿਮਾ ਹੈ ਕਿ ਮਿੱਠੇ ਪੀਣ ਵਾਲੇ ਪਦਾਰਥ, ਪੈਕ ਕੀਤੇ ਜੂਸ ਅਤੇ ਐਨਰਜੀ ਡਰਿੰਕਸ ਸਰੀਰ ਵਿੱਚ ਕੈਲੋਰੀ ਵਧਾਉਂਦੇ ਹਨ, ਜਿਸ ਨਾਲ ਮੋਟਾਪਾ ਤੇਜ਼ੀ ਨਾਲ ਵਧਦਾ ਹੈ। ਇਸ ਨਾਲ ਸ਼ੂਗਰ ਦਾ ਖ਼ਤਰਾ ਵੀ ਵੱਧ ਜਾਂਦਾ ਹੈ।

**ਕੋਲਡ ਡਰਿੰਕ ਪੀਣ ਨਾਲ ਇਨ੍ਹਾਂ ਅੰਗਾਂ 'ਤੇ ਪੈਂਦਾ ਹੈ ਮਾੜਾ ਅਸਰ ਬੁਰਾ**

**ਲੀਵਰ—** ਜ਼ਿਆਦਾ ਕੋਲਡ ਡਰਿੰਕ ਪੀਣ ਨਾਲ ਲੀਵਰ 'ਤੇ ਅਸਰ ਪੈਂਦਾ ਹੈ। ਇਸ ਕਾਰਨ ਨਾਨ-ਅਲਕੋਹਲਿਕ ਫੈਟੀ ਲੀਵਰ ਦੇ ਵਿਕਸਿਤ ਹੋਣ ਦਾ ਖਤਰਾ ਹੈ। ਵੱਡੀ ਮਾਤਰਾ ਵਿੱਚ ਕੋਲਡ ਡਰਿੰਕ ਲੀਵਰ ਤੱਕ ਪਹੁੰਚਦਾ ਹੈ ਅਤੇ ਫਰੂਟੋਜ਼ ਨੂੰ ਫੈਟ ਵਿੱਚ ਬਦਲਦਾ ਹੈ। ਅਜਿਹੀ ਹਾਲਤ 'ਚ ਲੀਵਰ 'ਚ ਚਰਬੀ ਜਮ੍ਹਾ ਹੋਣ ਲੱਗਦੀ ਹੈ। **ਦਿਮਾਗ-** ਕਈ ਖੋਜਾਂ ਵਿੱਚ ਪਾਇਆ ਗਿਆ ਹੈ ਕਿ ਵਾਧੂ ਖੰਡ ਅਤੇ ਪ੍ਰੋਸੈਸਡ ਭੋਜਨ ਵੀ ਤੁਹਾਡੇ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਹ ਚੀਜ਼ਾਂ ਦਿਮਾਗ਼ ਲਈ ਹਾਰਟ ਮੈਡੀਸਿਨ ਦਾ ਕੰਮ ਕਰਦੀਆਂ ਹਨ। ਇਨ੍ਹਾਂ ਦਾ ਸੇਵਨ ਨਸ਼ੇ ਦਾ ਕਾਰਨ ਬਣਦਾ ਹੈ। ਜਦੋਂ ਤੁਸੀਂ ਇਨ੍ਹਾਂ ਚੀਜ਼ਾਂ ਦੇ ਆਦੀ ਹੋਣ ਲੱਗਦੇ ਹੋ, ਤਾਂ ਇਸ ਦਾ ਦਿਮਾਗ 'ਤੇ ਅਸਰ ਪੈਣ ਲੱਗਦਾ ਹੈ। **ਪੇਟ—** ਕੋਲਡ ਡਰਿੰਕਸ ਜ਼ਿਆਦਾ ਮਾਤਰਾ 'ਚ ਪੀਣ ਨਾਲ ਪੇਟ 'ਤੇ ਚਰਬੀ ਜਮ੍ਹਾ ਹੋ ਜਾਂਦੀ ਹੈ। ਕੋਲਡ ਡਰਿੰਕਸ 'ਚ ਫਰਕਟੋਜ਼ ਪਾਇਆ ਜਾਂਦਾ ਹੈ, ਜੋ ਪੇਟ ਦੇ ਆਲੇ-ਦੁਆਲੇ ਚਰਬੀ ਦੇ ਰੂਪ 'ਚ ਜਮ੍ਹਾ ਹੋਣ ਲੱਗਦਾ ਹੈ। ਇਸ ਨੂੰ ਵਿਸਰਲ ਫੈਟ ਵੀ ਕਿਹਾ ਜਾਂਦਾ ਹੈ। ਇਸ ਨਾਲ ਦਿਲ ਅਤੇ ਸ਼ੂਗਰ ਦਾ ਖਤਰਾ ਵੱਧ ਜਾਂਦਾ ਹੈ। **ਸ਼ੂਗਰ ਲੈਵਲ ਹਾਈ —** ਬਹੁਤ ਜ਼ਿਆਦਾ ਕੋਲਡ ਡਰਿੰਕਸ ਪੀਣ ਨਾਲ ਇਨਸੁਲਿਨ ਰਜਿਸਟੈਂਸ ਪੈਦਾ ਹੋ ਸਕਦਾ ਹੈ, ਅਜਿਹੀ ਸਥਿਤੀ ਵਿੱਚ ਬਲੱਡ ਸ਼ੂਗਰ ਵੱਧ ਜਾਂਦੀ ਹੈ। ਇਨਸੁਲਿਨ ਇੱਕ ਹਾਰਮੋਨ ਹੈ ਜੋ ਗਲੂਕੋਜ਼ ਨੂੰ ਖੂਨ ਤੋਂ ਸੈੱਲਾਂ ਤੱਕ ਪਹੁੰਚਾਉਂਦਾ ਹੈ। ਜਦੋਂ ਤੁਸੀਂ ਕੋਲਡ ਡਰਿੰਕ ਪੀਂਦੇ ਹੋ ਤਾਂ ਸੈੱਲ ਇਨਸੁਲਿਨ ਦੇ ਪ੍ਰਭਾਵਾਂ ਪ੍ਰਤੀ ਘੱਟ ਸੰਵੇਦਨਸ਼ੀਲ ਹੋ ਜਾਂਦੇ ਹਨ।




# ਦਮਾ (ਬ੍ਰੋਨਕਾਈਟਿਸ) ਰੋਗੀਆਂ ਦਾ ਵਧਿਆ ਅੰਕੜਾ




"ਵਿਸ਼ਵ ਦਮਾ ਦਿਵਸ ਸਾਲ 2024 ਦਾ ਥੀਮ ਹੈ- ਦਮੇ ਤੋਂ ਬਚਾਅ 'ਤੇ ਰੋਗੀਆਂ ਨੂੰ ਐਜੂਕੇਟ ਕਰਨਾ। ਸਾਹ ਰੁੱਕ-ਰੁੱਕ ਕੇ ਅਤੇ ਮੁਸ਼ਕਿਲ ਆਉਣਾ, ਗਲੇ ਵਿੱਚ ਖਰਾਸ਼, ਬਲਗਮ ਜਾਂ ਬਿਨਾਂ ਬਲਗਮ ਖਾਂਸੀ, ਬੁਖਾਰ, ਛਾਤੀ ਵਿੱਚ ਦਰਦ, ਸਿਰ-ਦਰਦ, ਹਮੇਸ਼ਾ ਥਕਾਵਟ ਮਹਿਸੂਸ ਹੋਣਾ, ਵਗੈਰਾ ਲੱਛਣ ਲਗਾਤਾਰ ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿੱਹ ਬਿਨਾ ਦੇਰ ਕੀਤੇ ਇਲਾਜ਼ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ"- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ :** ਵਿਸ਼ਵ ਦਮਾ ਦਿਵਸ 2024 ਇਸ ਸਾਲ 7 ਮਈ ਵਾਲੇ ਦਿਨ ਹਰ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਕੇ ਮਨਾਇਆ ਜਾ ਰਿਹਾ ਹੈ। ਸਾਹ ਦੇ ਰੋਗੀਆਂ ਦਾ ਅੰਕੜਾ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਇਸ ਸਾਲ ਦਾ ਥੀਮ ਹੈ- ਦਮੇ ਤੋਂ ਬਚਾਅ ਅਤੇ ਰੋਗੀਆਂ ਨੂੰ ਹਰ ਪੱਧਰ 'ਤੇ ਐਜੂਕੇਟ ਕਰੋ। ਹਰ ਮੌਸਮ ਦੌਰਾਣ ਜ਼ੁਕਾਮ, ਖੰਘ, ਬ੍ਰੋਨਕਾਈਟਸ (ਦਮਾ) ਦੇ ਘੇਰੇ 'ਚ ਹਰ ਉਮਰ ਦਾ ਵਿਅਕਤੀ ਦੇਖਆ ਜਾ ਰਿਹਾ ਹੈ। ਲਗਾਤਾਰ ਜ਼ੁਕਾਮ, ਖੰਘ ਅਤੇ ਧੂੜ, ਮਿੱਟੀ-ਘੱਟੇ ਦੇ ਮਾਹੌਲ 'ਚ ਰਹਿਣ ਦੀ ਹਾਲਤ ਵਿੱਚ ਦਮਾ ਹੋ ਜਾਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਇਸ ਮੌਸਮ ਵਿੱਚ ਵਾਇਰਸ-ਬੈਟੀਰੀਆ ਦੁਆਰਾ ਇਨਫੈਕਸ਼ਨ ਹੋ ਜਾਣਾ ਆਮ ਗੱਲ ਹੈ। ਦਮੇ ਦੀ ਸ਼ਿਕਾਇਤ 'ਚ ਸਾਹ ਨਲੀਆਂ ਸੁੱਜ ਜਾਂਦੀਆਂ ਹਨ ਅਤੇ ਬਲਗਮ ਜ਼ਿਆਦਾ ਬਣਦੀ ਹੈ। ਖੰਘ ਸੁੱਕੀ ਅਤੇ ਬਲਗਮ ਵਾਲੀ ਆਉਂਦੀ ਹੈ।









**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

**ਦਮੇ ਦੇ ਰੋਗੀ ਆਪਣਾ ਖਿਆਲ ਰੱਖਣ:**

* ਮੌਸਮ ਕੋਈ ਵੀ ਹੋਵੇ, ਪਰਿਵਾਰ 'ਚ ਸਾਹ ਦੇ ਰੋਗੀ ਬਜ਼ੁਰਗ, ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਦਾ ਖਾਸ ਖਿਆਲ ਰੱਖੋ।
* ਆਮ ਹਾਲਤ ਵਿੱਚ ਇਲਾਜ਼ ਦੇ ਨਾਲ-ਨਾਲ ਸਰੀਰ ਅਤੇ ਮਨ ਨੂੰ ਆਰਾਮ ਦੇਣ ਦੀ ਲੋੜ ਹੁੰਦੀ ਹੈ।
* ਘਰੇਲੂ ਰੇਮੇਡੀਜ਼ ਵਿੱਚ ਡੇਲੀ 3-4 ਬਾਰ ਸਟੀਮ ਯਾਨਿ ਭਾਫ ਲਵੋ। ਕੋਸੇ ਤਰਲ- ਪਦਾਰਥ ਜ਼ਿਆਦਾ ਪੀਓ।
* ਗਰਮ ਪਾਣੀ ਨਾਲ ਸਨਾਨ ਕਰੋ। ਨਮਕ-ਪਾਣੀ ਦੇ ਗਰਾਰੇ ਕਰਦੇ ਰਹੋ। ਗਲੇ ਨੂੰ ਆਰਾਮ ਦੇਣ ਲਈ ਅਦਰਕ ਰੱਸ ਸ਼ਹਿਦ ਮਿਲਾ ਕੇ ਸੇਵਨ ਕਰੋ। ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ।
* ਭਰੀ ਹੋਈ ਨੱਕ ਤੋਂ ਛੁਟਕਾਰਾ ਪਾਉਣ ਲਈ ਸੇਲਾਈਨ-ਵਾਟਰ, ਸਪ੍ਰੇ ਅਤੇ ਨੱਕ ਖੋਲ੍ਹਣ ਵਾਲੇ ਡ੍ਰਾਪਸ ਇਸਤੇਮਾਲ ਕਰ ਸਕਦੇ ਹੋ।
* ਘਰ ਅੰਦਰ ਹਿਊਮਿਡੀਫਾਇਰ ਜਾਂ ਠੰਡਾ ਮਿਸਟ ਵੈਪੋਰਾਜ਼ਿਰ ਇਸਤੇਮਾਲ ਕਰੋ।

**ਹੈਲਦੀ ਫੈਟ :** ਆਮ ਤੌਰ 'ਤੇ ਪੌਦਿਆਂ ਤੋਂ ਤਿਆਰ ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੇਚੁਰੇਟਿਡ ਫੈਟ ਸੋਜਸ਼ ਨੂੰ ਘੱਟ ਕਰਕੇ, ਅਸਾਨੀ ਨਾਲ ਸਾਹ ਲੈਣ ਵਿੱਚ ਮਦਦ ਕਰਦੇ ਹਨ। ਖੁਰਾਕ ਵਿੱਚ ਅੰਡੇ, ਆਲਿਵ-ਤੇਲ, ਗਿਰੀਦਾਰ ਫੱਲ ਅਤੇ ਆਵਾਕੇਡੋ ਸ਼ਾਮਿਲ ਕਰ ਸਕਦੇ ਹੋ।

**ਪ੍ਰੋਟੀਨ :** ਪ੍ਰੋਟੀਨ ਸਰੀਰ ਦੇ ਇਮੀਊਨ ਸਿਸਟਮ ਨੂੰ ਮਜ਼ਬੂਤ ਕਰਕੇ ਸਾਹ ਦੇ ਸੈੱਲਾਂ ਨੂੰ ਹੈਲਦੀ ਰੱਖ ਕੇ ਫੇਫੜੇ ਮਜਬੂਤ ਕਰਦਾ ਹੈ। ਲੀਨ ਮੀਟ, ਫਲਿਆਂ, ਅੰਡੇ ਵਗੈਰਾ ਰੂਟੀਨ 'ਚ ਲਵੋ।

* **ਕੰਪਲੈਕਸ ਕਾਰਬੋਹਾਈਡਰੇਟ :** ਵਿੱਚ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ। ਰੂਟੀਨ ਵਿੱਚ ਹੋਲ-ਵੀਟ ਖਾਣ-ਪੀਣ ਵਾਲੀਆਂ ਚੀਜ਼ਾਂ ਇਸਤੇਮਾਲ ਕਰਨ ਨਾਲ ਫੇਫੜਿਆਂ ਨੂੰ ਤਾਕਤ ਮਿਲਦੀ ਹੈ।

**ਤਾਜ਼ੇ ਫੱਲ ਸਬਜ਼ੀਆਂ :** ਫਰੋਜ਼ਨ ਚੀਜ਼ਾਂ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਹੀ ਖਾਓ।

* ਸਰੀਰ ਅੰਦਰ ਪੋਟਾਸ਼ੀਅਮ ਦੀ ਸਹੀ ਮਾਤਰਾ ਬਣਾ ਕੇ ਰੱਖਣ ਲਈ ਪੱਕਿਆ ਕੇਲਾ, ਹਰੀ ਪੱਤੇਦਾਰ ਸਬਜ਼ੀਆਂ, ਚੁਕੰਦਰ, ਆਦਿ ਖੁਰਾਕ ਵਿੱਚ ਸ਼ਾਮਿਲ ਕਰਕੇ ਫੇਫੜੇ ਤੰਦਰੁਸਤ ਰੱਖੋ।
* ਇੰਡਸਰੀਅਲ ਅਤੇ ਸਿਗਰੇਟ-ਬੀੜੀ ਦੇ ਧੂੰਏ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚਦਾ ਹੈ। ਸੇਬ ਅੰਦਰ ਮੌਜੂਦ ਐਂਟੀਆਕਸੀਡੈਂਟ ਕਵੇਰਸੇਟਿਨ ਹੋਣ ਕਰਕੇ ਡੇਲੀ 1-2 ਐਪਲ ਖਾ ਸਕਦੇ ਹੋ।
* ਨਮਕ ਯਾਨਿ ਸੋਡੀਅਮ ਜ਼ਿਆਦਾ ਲੈਣ ਨਾਲ ਫੇਫੜਿਆਂ ਦੇ ਰੋਗੀ ਨੂੰ ਸਾਹ ਲੈਣ ਵਿੱਚ ਮੁਸ਼ਕਿਲ ਹੋ ਸਕਦੀ ਹੈ। ਗਰੋਸਰੀ ਕਰਨ ਵਾਲੇ ਫੂਡ ਲੇਵਲ ਨੂੰ ਧਿਆਣ ਨਾਲ ਦੇਖ ਕੇ ਹੀ ਲਵੋ।
* ਲੱਛਣਾਂ ਦੀ ਹਾਲਤ ਵਿੱਚ ਤਲੀਆਂ, ਮਿਰਚ-ਮਸਾਲੇਦਾਰ, ਠੰਢੇ ਖਾਣ-ਪੀਣ ਵਾਲੇ ਪਦਾਰਥ ਅਤੇ ਜੰਕ-ਫੂਡ ਅਤੇ ਨਸ਼ਿਆਂ ਦਾ ਇਸਤੇਮਾਲ ਫੇਫੜਿਆਂ ਨੂੰ ਕਮਜ਼ੋਰ ਕਰ ਸਕਦਾ ਹੈ। ਪ੍ਰਹੇਜ਼ ਕਰੋ।

**ਨੋਟ :** ਮਿੱਟੀ-ਘੱਟੇ ਦੇ ਮਾਹੌਲ ਤੋਂ ਹਮੇਸ਼ਾ ਬਚੋ। ਖੰਘਣ ਜਾਂ ਛਿੱਕਣ ਵੇਲੇ ਹਮੇਸ਼ਾ ਆਪਣਾ ਮੂੰਹ-ਨੱਕ ਢੱਕੋ ਕੇ ਰੱਖੋ। ਪਰਸਨਲ ਹਾਈਜ਼ੀਨ ਘਰ, ਬਾਹਰ ਅਤੇ ਵਰਕ-ਪਲੇਸ 'ਤੇ ਹੱਥਾਂ ਨੂੰ ਚੰਗੇ ਸੋਪ ਨਾਲ ਧੋਵੋ। ਮਾਸਕ

ਨਾਲ ਆਪਣਾ ਮੂੰਹ ਢੱਕ ਕੇ ਰੱਖੋ। ਸਿਗਰਟ ਨਾ ਪੀਓ ਅਤੇ ਸੈਕਿੰਡ ਹੈਂਡ ਸਮੋਕ ਤੋਂ ਬਚੋ। ਸਮੇਂ 'ਤੇ ਫਲੂ ਦਾ ਵੈਕਸੀਨ ਜਰੂਰ ਲਗਵਾਓ। ਤੇਜ਼ ਲੱਛਣਾਂ ਦੀ ਹਾਲਤ 'ਚ ਤੁਰੰਤ ਡਾਕਟਰੀ ਹੈਲਪ ਲੈਣੀ ਚਾਹੀਦੀ ਹੈ।












# ਰਾਸ਼ੀਫਲ

**ਮੇਖ** : ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਅੱਜ ਤੁਹਾਨੂੰ ਆਪਣੇ ਭਰਾ ਅਤੇ ਭੈਣ ਦੀ ਮਦਦ ਨਾਲ ਧੰਨ ਲਾਭ ਹੋਣ ਦੀ ਸੰਭਾਵਨਾ ਹੈ। ਵਿਆਹ ਲਾਇਕ ਨੌਜਵਾਨਾਂ ਦਾ ਰਿਸ਼ਤਾ ਤੈਅ ਹੋ ਸਕਦਾ ਹੈ। ਇਕ ਲੰਬਾ ਦੋਰ ਜਿਸ ਨੇ ਤੁਹਾਨੂੰ ਕਾਫੀ ਸਮੇਂ ਤੋਂ ਦਬੋਚਿਆ ਹੋਇਆ ਸੀ ਖਤਮ ਹੋ ਚੁੱਕਾ ਹੈ ਕਿਉ ਕਿ ਜਲਦ ਹੀ ਤੁਹਾਨੂੰ ਤੁਹਾਡਾ ਜੀਵਨਸਾਥੀ ਮਿਲਣ ਵਾਲਾ ਹੈ। ਹਾਰ ਦਿਨਾਂ ਦੀ ਉਮੀਦ ਅੱਜ ਤੁਹਾਡੇ ਸਹਿਕਰਮੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋਂਗੇ। ਤੁਸੀ ਸਮੇਂ ਦੀ ਕੀਮਤ ਨੂੰ ਸਮਝੋ ਉਨਾਂ ਲੋਕਾਂ ਵਿਚ ਰਹਿਣਾ ਬੇਕਾਰ ਹੈ ਜਿਨਾਂ ਨੂੰ ਸਮਝਣਾ ਮੁਸ਼ਕਿਲ ਹੈ ਅਜਿਹਾ ਕਰਨਾ ਹੋਰ ਮੁਸ਼ਕਿਲਾਂ ਨੂੰ ਜਨਮ ਦੇ ਸਕਦਾ ਹੈ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

**ਬ੍ਰਿਸ਼ਭ** : ਮਨੋਵਿਗਿਆਨਿਕ ਡਰ ਤੁਹਾਨੂੰ ਬੈਚੇਨ ਕਰ ਸਕਦਾ ਹੈ ਸਾਕਾਰਾਤਮਕ ਸੋਚ ਅਤੇ ਹਾਲਾਤ ਦੇ ਉਲਝੇ ਪਹਿਲੂ ਨੂੰ ਦੇਖਣਾ ਤੁਹਾਨੂੰ ਇਸ ਤੋਂ ਬਚਾ ਸਕਦਾ ਹੈ। ਉਝ ਤਾਂ ਅੱਜ ਆਰਥਿਕ ਹਾਲਤ ਕਾਫੀ ਮਜ਼ਬੂਤ ਰਹੇਗੀ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਤੁਸੀ ਪੈਸੇ ਨੂੰ ਵਿਅਰਥ ਚੀਜਾਂ ਤੇ ਖਰਚ ਨਾ ਕਰੋ। ਵਧੀਆ ਦਿਨ ਹੈ ਜਦੋ ਤੁਸੀ ਸਭ ਦੇ ਧਿਆਨ ਨੂੰ ਆਪਣੀ ਤਰਫ ਖਿੱਚੋਗੇ ਤੁਹਾਡੇ ਸਾਹਮਣੇ ਚੁਣਨ ਦੇ ਲਈ ਕਈ ਚੀਜਾਂ ਹੋਣਗੀਆਂ ਅਤੇ ਸਮੱਸਿਆ ਇਹ ਹੋਵੇਗੀ ਕਿ ਕਿਸ ਨੂੰ ਪਹਿਲਾਂ ਚੁਣਿਆ ਜਾਵੇ। ਤੁਸੀ ਹੋਲੀ ਹੋਲੀ ਪਿਆਰ ਦੀ ਅੱਗ ਵਿਚ ਸੜੋਗੇ ਬਲਕਿ ਪਿਆਰ ਵਿਚ ਸਥਿਰ ਵੀ ਹੋ ਸਕਦੇ ਹੈ। ਕੰਮ ਕਾਰ ਨਾਲ ਜੁੜੇ ਮਾਮਲਿਆਂ ਵਿਚ ਦੋਸਤ ਦਾ ਅਹਿਮ ਸਹਿਯੋਗ ਮਦਦਗਾਰ ਰਹੇਗਾ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਜੀਵਨ ਸਾਥੀ ਦਾ ਵਿਗੜੀ ਸਿਹਤ ਦਾ ਅਸਰ ਤੁਹਾਡੇ ਕੰਮ ਕਾਰ ਤੇ ਵੀ ਪੈ ਸਕਦਾ ਹੈ ਪਰ ਤੁਸੀ ਸਭ ਕੁਝ ਨੂੰ ਸੰਭਾਲਣ ਵਿਚ ਕਾਮਯਾਬ ਰਹੇਗਾ।

**ਮਿਥੁਨ** : ਅੱਜ ਦੇ ਦਿਨ ਜੋ ਭਾਵੁਕ ਮਿਜਾਜ ਤੁਹਾਡੇ ਉੱਪਰ ਛਾਇਆ ਹੋਇਆ ਹੈ ਉਸ ਤੋ ਨਿਕਲਣ ਲਈ ਬੀਤੀ ਗੱਲਾਂ ਨੂੰ ਦਿਲ ਵਿਚੋ ਕੱਢ ਦਿਉ। ਅੱਜ ਪਾਰਟੀ ਵਿਚ ਤੁਹਾਡੀ ਮੁਲਾਕਾਤ ਕਿਸੇ ਅਜਿਹੇ ਸ਼ਖਸ਼ ਨਾਲ ਹੋ ਸਕਦੀ ਹੈ ਜੋ ਆਰਥਿਕ ਪੱਖ ਨੂੰ ਮਜ਼ਬੂਤ ਕਰਨ ਲਈ ਤੁਹਾਨੂੰ ਅਹਿਮ ਸਲਾਹ ਦੇ ਸਕਦਾ ਹੈ। ਬਜ਼ੁਰਗ ਰਿਸ਼ਤੇਦਾਰ ਆਪਣੀ ਅਵਾਜ਼ਬ ਮੰਗਾਂ ਨਾਲ ਤੁਹਾਨੂੰ ਪਰੇਸ਼ਾਨ ਕਰ ਸਕਦੇ ਹਨ। ਆਪਣੇ ਪ੍ਰੇਮੀ ਤੋ ਦੂਰ ਰਹਿਣਾ ਬਹੁਤ ਮੁਸ਼ਕਿਲ ਹੋਵੇਗਾ। ਦਫਤਰ ਵਿਚ ਅੱਜ ਤੁਹਾਨੂੰ ਸਥਿਤੀ ਨੂੰ ਸਮਝਦੇ ਹੋਏ ਹੀ ਵਿਵਹਾਰ ਕਰਨਾ ਚਾਹੀਦਾ ਹੈ ਜੇਕਰ ਤੁਹਾਡਾ ਬੋਲਣਾ ਜਰੂਰੀ ਨਹੀਂ ਹੈ ਤਾਂ ਚੁੱਪ ਰਹੋ ਕੋਈ ਵੀ ਗੱਲ ਜ਼ਬਰਦਸਤੀ ਬੋਲ ਕੇ ਤੁਸੀ ਖੁਦ ਨੂੰ ਪਰੇਸ਼ਾਨੀ ਵਿਚ ਪਾ ਸਕਦੇ ਹੋ। ਅੱਜ ਤੁਹਾਡੀ ਕਾਫੀ ਦਿਮਾਗੀ ਪਰੀਖਿਆ ਰਹੇਗੀ ਤੁਹਾਡੇ ਵਿਚੋ ਕੁਝ ਸ਼ਤਰੰਜ ਖੇਡ ਸਕਦੇ ਹਨ ਅਤੇ ਹੋਰ ਇਕ ਕਹਾਣੀ, ਕਵਿਤਾ ਜਾਂ ਭਵਿੱਖ ਲਈ ਕੁਝ ਯੋਜਨਾ ਦਾ ਕੰਮ ਕਰ ਸਕਦੇ ਹਨ। ਅੱਜ ਆਪਣੇ ਜੀਵਨ ਸਾਥੀ ਦੇ ਨਾਲ ਪਿਆਰ ਦੇ ਜ਼ਿਆਦਾ ਸਮਾਂ ਮਿਲੇਗਾ, ਪਰ ਸਿਹਤ ਵਿਚ ਗੜਬੜ ਹੋ ਸਕਦੀ ਹੈ।

**ਕਰਕ** : ਤੁਹਾਡੀਆਂ ਇਛਾਵਾਂ ਅਤੇ ਅਭਿਲਾਸ਼ਵਾਂ ਤੇ ਡਰ ਦਾ ਪਰਛਾਵਾਂ ਪੈ ਸਕਦਾ ਹੈ ਇਸ ਦਾ ਸਾਹਮਣਾ ਕਰਨ ਲਈ ਤੁਹਾਨੂੰ ਉਪਯੁਕਤ ਸਲਾਹ ਦੀ ਲੋੜ ਹੈ। ਸਿਰਫ ਅਕਲਮੰਦੀ ਨਾਲ ਕੀਤਾ ਨਿਵੇਸ਼ ਹੀ ਫਲਦਾਇਕ ਹੋਵੇਗਾ ਇਸ ਲਈ ਮਿਹਨਤ ਦੀ ਕਮਾਈ ਸੋਚ ਸਮਝ ਕੇ ਲਗਾਉ। ਬੱਚਿਆਂ ਤੋ ਮਿਲੀ ਅਚਾਨਕ ਖੁਸ਼ਖਬਰੀ ਦਿਨ ਦੇ ਪਲ ਬਣਾ ਸਕਦੀ ਹੈ। ਤੁਹਾਨੂੰ ਪਹਿਲੀ ਨਜ਼ਰ ਵਿਚ ਕਿਸੇ ਨਾਲ ਪਿਆਰ ਹੋ ਸਕਦਾ ਹੈ। ਵਪਾਰੀਆਂ ਨੂੰ ਵੱਧ ਰਹੀ ਪ੍ਰਤੀਯੋਗਤਾ ਨੂੰ ਹਰਾਉਣ ਲਈ ਨਵੀਆਂ ਯੋਜਨਾਵਾਂ ਤੇ ਰਣਨੀਤੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਲੰਬੇ ਸਮੇਂ ਤੋ ਲਟਕੀਆਂ ਮੁਸ਼ਕਿਲਾਂ ਨੂੰ ਜਲਦੀ ਹੀ ਹੱਲ ਕਰਨ ਦੀ ਲੋੜ ਹੈ ਅਤੇ ਤੁਸੀ ਜਾਣਦੇ ਹੋ ਕਿ ਤੁਹਾਨੂੰ ਕਿਤੋ ਨਾ ਕਿਤੋ ਸ਼ੁਰੂਆਤ ਕਰਨੀ ਹੋਵੇਗੀ ਸਾਕਾਰਤਮਕ ਰਹੋ ਅਤੇ ਅੱਜ ਤੋ ਪ੍ਰਯਾਸ ਸ਼ੁਰੂ ਕਰ ਦਿਉ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਸਿੰਘ** : ਘਰ ਵਿਚ ਕੰਮ ਕਰਦੇ ਸਮੇਂ ਖਾਸ ਸਾਵਧਾਨੀ ਵਰਤੋ । ਘਰੇਲੂ ਚੀਜਾਂ ਨੂੰ ਲਾਪਰਵਾਹੀ ਨਾਲ ਇਸਤੇਮਾਲ ਕਰਨਾ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਪੈਸੇ ਨਾਲ ਜੁੜਿਆ ਮਾਮਲਾ ਅੱਜ ਹੱਲ ਹੋ ਸਕਦਾ ਹੈ ਅਤੇ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ। ਪਰਿਵਾਰਕ ਮੈਂਬਰਾਂ ਦੇ ਨਾਲ ਸਕੂਨ ਭਰੇ ਅਤੇ ਸ਼ਾਤ ਦਿਨ ਦਾ ਆਨੰਦ ਲਵੋ ਜੇਕਰ ਲੋਕ ਪਰੇਸ਼ਾਨੀਆਂ ਦੇ ਨਾਲ ਤੁਹਾਡੇ ਕੋਲ ਆਉਣ ਤਾਂ ਉਨਾਂ ਨੂੰ ਨਜ਼ਰਅੰਦਾਜ਼ ਕਰ ਦਿਉ ਅਤੇ ਉਨਾਂ ਨੂੰ ਆਪਣੀ ਮਾਨਸਿਕ ਸ਼ਾਤੀ ਭੰਗ ਨਾ ਕਰਨ ਦਿਉ। ਆਪਣੇ ਪ੍ਰੇਮੀ ਨੂੰ ਨਜ਼ਰਅੰਦਾਜ਼ ਕਰਨਾ ਘਰ ਵਿਚ ਤਣਾਵ ਦਾ ਕਾਰਨ ਬਣ ਸਕਦਾ ਹੈ। ਅੱਜ ਕੰਮ ਕਾਰ ਤੇ ਅਚਾਨਕ ਤੁਹਾਡੇ ਕੰਮ ਦੀ ਛਾਣਬੀਣ ਹੋ ਸਕਦੀ ਹੈ ਜੇਕਰ ਤੁਸੀ ਕੋਈ ਗਲਤੀ ਕੀਤੀ ਹੋਵੇਗੀ ਤਾਂ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ ਇਸ ਰਾਸ਼ੀ ਦੇ ਕਾਰੋਬਾਰੀ ਅੱਜ ਆਪਣੇ ਕਾਰੋਬਾਰ ਨੂੰ ਨਵੀਂ ਦਿਸ਼ਾ ਦੇਣ ਦੇ ਬਾਰੇ ਵਿਚ ਵਿਚਾਰ ਕਰ ਸਕਦੇ ਹਨ। ਇਸ ਰਾਸ਼ੀ ਦੇ ਵਿਦਿਆਰਥੀ ਅੱਜ ਆਪਣਾ ਕੀਮਤੀ ਸਮਾਂ ਜਿਆਦਤਰ ਟੀ ਵੀ ਜਾਂ ਮੋਬਾਇਲ ਫੋਨ ਤੇ ਖਰਾਬ ਕਰ ਸਕਦੇ ਹੋ ਇਸ ਨਾਲ ਸਮੇਂ ਦੀ ਬਰਬਾਦੀ ਹੋਵੇਗੀ। ਰਿਸ਼ਤੇਦਾਰਾਂ ਦੇ ਕਿਸੇ ਕਾਰਨ ਨੂੰ ਲੈ ਕੇ ਵਾਦ ਵਿਵਾਦ ਹੋ ਸਕਦਾ ਹੈ।

**ਕੰਨਿਆ**: ਤਨਾਵ ਤੋ ਛੁੱਟਕਾਰਾ ਪਾਉਣ ਦੇ ਲਈ ਸੰਗੀਤ ਦਾ ਸਹਾਰਾ ਲਉ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਘਰ ਦੇ ਕਿਸੇ ਮੈਂਬਰ ਦੇ ਵਿਵਹਾਰ ਦੀ ਵਜਾਹ ਨਾਲ ਤੁਸੀ ਪਰੇਸ਼ਾਨ ਰਹਿ ਸਕਦੇ ਹੋ ਤਹਾਨੂੰ ਉਨਾਂ ਨਾਲ ਗੱਲਬਾਤ ਕਰਨ ਦੀ ਲੋੜ ਹੈ। ਸੈਰ ਸਪਾਟੇ ਤੇ ਜਾਣ ਦੀ ਯੋਜਨਾ ਬਣ ਸਕਦੀ ਹੈ ਜੋ ਤੁਹਾਨੂੰ ਉਰਜਾ ਅਤੇ ਉਤਸ਼ਾਹ ਨਾਲ ਤਰੋਤਾਜਾ ਰੱਖੇਗਾ। ਜੋ ਆਪਣੇ ਕੰਮ ਪ੍ਰਤੀ ਇਕਾਗਰ ਰਹਿਣਗੇ ਉਨਾਂ ਨੂੰ ਪੁਰਸਕਾਰ ਅਤੇ ਲਾਭ ਦੋਨੋ ਹੀ ਮਿਲ ਸਕਦੇ ਹਨ। ਜੇਕਰ ਤੁਸੀ ਯਾਤਰਾ ਕਰਨ ਜਾ ਰਹੇ ਹੋ ਤਾਂ ਸਾਰੇ ਜ਼ਰੂਰੀ ਦਸਤਾਵੇਜ਼ ਨਾਲ ਰੱਖਣਾ ਨਾਲ ਭੁੱਲੋ। ਅੱਜ ਦਾ ਦਿਨ ਦਿਵਾਨਗੀ ਵਿਚ ਗਿਰ ਜਾਣ ਦਾ ਹੈ ਤੁਸੀ ਆਪਣੇ ਜੀਵਨਸਾਥੀ ਨਾਲ ਪਿਆਰ ਅਤੇ ਰੋਮਾਂਸ ਦੀ ਚਰਮਾਈ ਤੱਕ ਪਹੁੰਚੋਗੇ।

**ਤੁਲਾ** : ਤੁਹਾਡੀ ਸਮੱਸਿਆਵਾਂ ਅੱਜ ਤੁਹਾਡੇ ਮਾਨਸਿਕ ਸੁੱਖ ਨੂੰ ਖਤਮ ਕਰ ਸਕਦੀਆਂ ਹਨ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਰੋਮਾਂਸ ਲਈ ਵਧੀਆ ਦਿਨ ਹੈ। ਤੁਹਾਡੇ ਵਿਰੋਧੀ ਅੱਜ ਕੰਮ ਤੇ ਉਨਾਂ ਦੇ ਮਾੜੇ ਕੰਮਾਂ ਦਾ ਨਤੀਜਾ ਪ੍ਰਾਪਤ ਕਰਨਗੇ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਲਈ ਸਮਾਂ ਕੱਢਣ ਦੀ ਸਖਤ ਲੋੜ ਹੈ ਇਸ ਕੰਮ ਨਾਲ ਉਨਾਂ ਦਾ ਮਾਨਸਿਕ ਤਣਾਅ ਵੱਧ ਸਕਦਾ ਹੈ। ਅੱਜ ਤੁਹਾਡਾ ਜੀਵਨਸਾਥੀ ਕਿਸੇ ਫਰਿਸ਼ਤੇ ਦੀ ਤਰਾਂ ਤੁਹਾਡਾ ਧਿਆਨ ਰੱਖੇਗਾ।

**ਬ੍ਰਿਸ਼ਚਕ** : ਬਹੁਤ ਜ਼ਿਆਦਾ ਤਣਾਅ ਅਤੇ ਚਿੰਤਾ ਕਰਨ ਦੀ ਆਦਤ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਅੱਜ ਯਾਰਾਂ ਦੋਸਤਾਂ ਦੇ ਨਾਲ ਪਾਰਟੀ ਵਿਚ ਤੁਸੀ ਖੂਬ ਪੈਸਾ ਲੁਟਾ ਸਕਦੇ ਹੋ ਪਰੰਤੂ ਇਸ ਦੇ ਬਾਵਜੂਦ ਤੁਹਾਡੀ ਆਰਥਿਕ ਪੱਖ ਅੱਜ ਮਜ਼ਬੂਤ ਰਹੇਗਾ। ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਲੋਕਾਂ ਨਾਲ ਗੱਲਬਾਤ ਵਧਾਉਣ ਦੇ ਲਈ ਸਮਾਜਿਕ ਗਤੀਵਿਧਿਆਂ ਲਈ ਚੰਗਾ ਮੋਕਾ ਹੈ। ਸ਼ਾਮ ਦੇ ਲਈ ਕੋਈ ਖਾਸ ਯੋਜਨਾ ਬਣਾਉ ਅਤੇ ਕੋਸ਼ਿਸ਼ ਕਰੋ ਕਿ ਇਹ ਜਿਆਦਾ ਤੋ ਜਿਆਦਾ ਰੋਮਾਂਟਿਕ ਹੋਵੇ। ਦਫਤਰ ਦੀ ਰਾਜਨੀਤੀ ਹੋਵੇ ਜਾਂ ਫਿਰ ਕੋਈ ਵਿਵਾਦ ਚੀਜਾਂ ਤੁਹਾਡੇ ਪੱਖ ਵਿਚ ਝੁਕੀ ਨਜ਼ਰ ਆਉਣਗੀਆਂ। ਦੇਰ ਰਾਤ ਤੱਕ ਤੁਹਾਨੂੰ ਕਿਤੇ ਦੂਰ ਵਾਲੇ ਸਥਾਨ ਤੋ ਕੋਈ ਚੰਗੀ ਖਬਰ ਮਿਲ ਸਕਦੀ ਹੈ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋ ਵੱਧ ਦਿਖਾਉਣਗੀਆਂ।

**ਧਨੂੰ**: ਸ਼ਰਾਬ ਤੋ ਦੂਰ ਰਹੋ ਕਿਉ ਕਿ ਇਹ ਤੁਹਾਡੀ ਨੀਂਦ ਵਿਚ ਅੜਚਣ ਪਾ ਕੇ ਤੁਹਾਨੂੰ ਗਹਿਰੇ ਆਰਾਮ ਵਿਚ ਪਾ ਸਕਦੀ ਹੈ। ਹਾਲਾਂਕਿ ਤੁਹਾਡੀ ਆਰਥਿਕ ਸਥਿਤੀ ਵਿਚ ਸੁਧਾਰ ਆਵੇਗਾ ਪਰੰਤੂ ਪੈਸੇ ਦਾ ਲਗਾਤਾਰ ਪਾਣੀ ਦੀ ਤਰਾਂ ਵਹਿੰਦੇ ਰਹਿਣਾ ਤੁਹਾਡੀ ਯੋਜਨਾਵਾਂ ਵਿਚ ਰੁਕਾਵਟ ਪਾ ਸਕਦਾ ਹੈ। ਦੋਸਤ ਅਤੇ ਪਰਿਵਾਰ ਦੇ ਨਾਲ ਮਜ਼ੇਦਾਰ ਸਮਾਂ ਲੰਗੇਗਾ। ਤੁਹਾਨੂੰ ਭਾਵਨਾਤਮਕ ਮੁਸ਼ਕਿਲ ਪਰੇਸ਼ਾਨ ਕਰ ਸਕਦੀ ਹੈ। ਆਪਣਾ ਰੈਜ਼ਿਉਮ ਭੇਜਣ ਜਾਂ ਕਿਸੇ ਇੰਟਰਵਿਉ ਵਿਚ ਜਾਣ ਲਈ ਚੰਗਾ ਸਮਾਂ ਹੈ। ਅੱਜ ਤੁਹਾਨੂੰ ਮਹੱਤਵਪੂਰਨ ਮਾਮਲਿਆਂ ਤੇ ਧਿਆਨ ਦੇਣ ਦੀ ਲੋੜ ਹੈ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਨਾਲ ਆਪਣੇ ਖੁਦ ਦੇ ਤਣਾਵ ਕਾਰਨ ਅਤੇ ਅਸਲ ਵਿਚ ਲੜਾਈ ਕਰ ਸਕਦੇ ਹੋ।

**ਮਕਰ** : ਤੁਸੀ ਆਪਣੇ ਕੰਮ ਵਿਚ ਇਕਾਗਰਤਾ ਬਰਕਰਾਰ ਰੱਖਣ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਕਿਉ ਕਿ ਅੱਜ ਤੁਹਾਡੀ ਸਿਹਤ ਪੂਰੀ ਤਰਾਂ ਠੀਕ ਨਹੀ ਹੈ। ਰਿਅਲ ਅਸਟੇਟ ਸਬੰਧੀ ਨਿਵੇਸ਼ ਤੁਹਾਨੂੰ ਚੰਗਾ ਮੁਨਾਫਾ ਦੇਵੇਗਾ। ਆਪਣੀ ਜੀਭ ਤੇ ਕਾਬੂ ਰੱਖੋ ਕਿਉ ਕਿ ਇਸ ਦੇ ਚੱਲਦੇ ਵੱਡੇ ਬਜ਼ੁਰਗ ਆਹਤ ਮਹਿਸੂਸ ਕਰ ਸਕਦੇ ਹਨ ਬੇਕਾਰ ਦੀਆਂ ਗੱਲਾਂ ਕਰਕੇ ਸਮਾਂ ਖਰਾਬ ਕਰਨ ਨਾਲੋ ਬੇਹਤਰ ਹੈ ਕਿ ਤੁਸੀ ਸ਼ਾਤ ਰਹੋ। ਯਾਦ ਰੱਖੋ ਕਿ ਸਮਝਦਾਰ ਕੰਮਾਂ ਦੇ ਜ਼ਰੀਏ ਹੀ ਅਸੀ ਜੀਵਨ ਦਾ ਅਰਥ ਦਿੰਦੇ ਹਾਂ ਉਨਾ ਨੂੰ ਮਹਿਸੂਸ ਦੇ ਲ਼ਈ ਤੁਸੀ ਉਨਾਂ ਦਾ ਖਿਆਲ ਰੱਖਦੇ ਹੋ। ਤੁਹਾਨੂੰ ਸਹੇਲੀ ਧੋਖਾ ਦੇ ਸਕਦੀ ਹੈ। ਕੰਮਕਾਰ ਵਿਚ ਅੱਜ ਤੁਸੀ ਆਪਣੇ ਕੰਮ ਵਿਚ ਪ੍ਰਗਤੀ ਦੇਖੋਗੇ। ਅੱਜ ਮੋਸਮ ਦਾ ਮਿਜਾਜ ਕੁਝ ਇਸ ਤਰਾਂ ਦਾ ਰਹੇਗਾ ਕਿ ਤੁਸੀ ਬਿਸਤਰ ਤੋ ਉਠਣ ਨੂੰ ਰਾਜ਼ੀ ਨਹੀ ਹੋਵੋਗੇ । ਬਿਸਤਰ ਤੋ ਉਠਾਉਣ ਤੋ ਬਾਅਦ ਤੁਹਾਨੂੰ ਅਹਿਸਾਸ ਹੋਵੇਗਾ ਕਿ ਤੁਸੀ ਆਪਣਾ ਕੀਮਤੀ ਸਮਾਂ ਖਰਾਬ ਕਰ ਚੁੱਕੇ ਹੋ। ਤੁਹਾਡੀ ਭੱਜਦੋੜ ਭਰੀ ਦਿਨ ਦੇ ਕਾਰਨ ਤੁਹਾਡਾ ਜੀਵਨਸਾਥੀ ਖੁਦ ਨੂੰ ਅਖਾਸ ਮਹਿਸੂਸ ਕਰ ਸਕਦਾ ਹੈ ਜਿਸ ਦਾ ਇਜ਼ਹਾਰ ਸ਼ਾਮ ਨੂੰ ਹੋਣਾ ਸੰਭਵ ਹੈ।

**ਕੁੰਭ** : ਖਿਆਲੀ ਪੁੱਲ ਬਣਾਉਣਾ ਕੋਈ ਮਦਦ ਨਹੀ ਕਰਦਾ। ਪਰਿਵਾਰ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਤੁਹਾਨੂੰ ਕੁਝ ਕਰ ਦਿਖਾਉਣ ਦੀ ਜ਼ਰੂਰਤ ਹੈ। ਦਿਨ ਚੜ੍ਹਨ ਤੋ ਬਾਅਦ ਆਰਥਿਕ ਤੋਰ ਤੇ ਸੁਧਾਰ ਆਵੇਗਾ। ਘਰੇਲੂ ਕੰਮ ਥਕਾਉਣ ਵਾਲਾ ਹੋਵੇਗਾ ਅਤੇ ਇਸ ਲਈ ਇਹ ਮਾਨਸਿਕ ਤਣਾਵ ਦੀ ਵਜਾਹ ਵੀ ਬਣ ਸਕਦਾ ਹੈ। ਪਿਆਰ ਦਾ ਸਫਰ ਮਿੱਠ ਪਰੰਤੂ ਛੋਟਾ ਹੋਵੇਗਾ। ਅੱਜ ਅਨੁਭਵੀ ਲੋਕਾਂ ਨਾਲ ਜੁੜ ਕੇ ਜਾਣਨ ਦੀ ਕੋਸ਼ਿਸ਼ ਕਰੋ ਕਿ ਉਨਾਂ ਦਾ ਕੀ ਕਹਿਣਾ ਹੈ। ਯਾਤਰਾ ਦੇ ਨਾਲ ਤੁਰੰਤ ਲਾਭ ਨਹੀਂ ਹੋਵੇਗਾ ਪਰੰਤੂ ਇਸ ਦੇ ਚਲਦੇ ਚੰਗੇ ਭਵਿੱਖ ਦੀ ਨੀਂਹ ਰੱਖੀ ਜਾਵੇਗੀ। ਅੱਜ ਗਲਤ ਸੰਚਾਰ ਹੋਣ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਪਰ ਤੁਸੀ ਮਿਲ ਬੈਠ ਕੇ ਅਤੇ ਗੱਲਬਾਤ ਰਾਹੀ ਸੁਲਝਾ ਸਕਦੇ ਹੋ।

**ਮੀਨ**: ਭਾਵਨਾਤਮਕ ਤੋਰ ਤੇ ਤੁਸੀ ਇਸ ਗੱਲ ਨੂੰ ਲੈ ਕੇ ਅਨਿਸ਼ਚਿਤ ਅਤੇ ਬੈਚੇਨ ਰਹੋਗੇ ਕਿ ਤੁਸੀ ਕੀ ਚਾਹੁੰਦੇ ਹੋ। ਸੱਟੇਬਾਜ਼ੀ ਨਾਲ ਕਾਫੀ ਲਾਭ ਹੋ ਸਕਦਾ ਹੈ। ਤੁਹਾਨੂੰ ਖੁਸ਼ ਰੱਖਣ ਦੇ ਲਈ ਤੁਹਾਡੇ ਬੱਚਿਆਂ ਨੂੰ ਜੋ ਕੁਝ ਕਰਨਾ ਪਵੇਗਾ ਉਹ ਕਰਨਗੇ। ਪਿਆਰੇ ਨੂੰ ਅੱਜ ਤੁਹਾਡੀ ਕੋਈ ਗੱਲ ਚੁਭ ਸਕਦੀ ਹੈ ਉਹ ਤੁਹਾਡੇ ਨਾਲ ਰੁੱਸਣ ਇਸ ਤੋ ਪਹਿਲਾਂ ਹੀ ਆਪਣੀ ਗਲਤੀ ਦਾ ਅਹਿਸਾਸ ਕਰ ਲਉ ਅਤੇ ਮਨਾ ਲਉ। ਅੱਜ ਕੀਤੇ ਨਿਵੇਸ਼ ਕਾਫੀ ਲਾਭਦਾਇਕ ਸਾਬਿਤ ਹੋਣਗੇ ਪਰੰਤੂ ਤੁਹਾਨੂੰ ਭਾਗੀਦਾਰੀ ਨਾਲ ਸੰਭਾਵਨਾ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਜ ਵਿਦਿਆਰਥੀਆਂ ਨੂੰ ਆਪਣਾ ਕੰਮ ਕੱਲ੍ਹ ਤੱਕ ਮੁਲਤਵੀ ਕਰਨ ਤੋ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਆਪਣਾ ਕੰਮ ਖਾਲੀ ਸਮੇਂ ਵਿਚ ਪੂਰਾ ਕਰਨਾ ਚਾਹੀਦਾ ਹੈ ਇਹ ਤੁਹਾਡੇ ਲ਼ਈ ਲਾਭਕਾਰੀ ਸਿੱਧ ਹੋ ਸਕਦ ਹੈ। ਆਪਣੇ ਜੀਵਨਸਾਥੀ ਨੂੰ ਕਿਸੇ ਚੀਜ ਵੱਲ ਜ਼ੋਰ ਨਾ ਪਾਉ ਇਹ ਤੁਹਾਨੂੰ ਦੋਨਾਂ ਨੂੰ ਦਿਲ ਤੋ ਦੂਰ ਕਰ ਦੇਵੇਗਾ।



# ਸਮਾਂ, ਸੁਪਨੇ ਅਤੇ ਇੱਛਾਵਾਂ ਕਦੇ ਰੁਕਦੇ ਨਹੀਂ

ਸਮਾਂ, ਸੁਪਨੇ ਅਤੇ ਇੱਛਾਵਾਂ ਇੱਕ ਦੂਜੇ ਦੇ ਪੂਰਕ ਹਨ ਅਤੇ ਇੱਕ ਦੂਜੇ ਤੋਂ ਬਿਨਾਂ ਅਧੂਰੇ ਵੀ ਹਨ। ਇਹ ਇਸ ਧਰਤ, ਕਾਇਨਾਤ ਅਤੇ ਮਨੁੱਖੀ ਜ਼ਿੰਦਗੀ ਦੇ ਉਹ ਵਰਤਾਰੇ ਹਨ ਜੋ ਅਤੀਤ ਵਿੱਚ ਵੀ ਨਹੀਂ ਰੁਕੇ ਹਨ ਤੇ ਨਾ ਹੀ ਭਵਿੱਖ ਵਿੱਚ ਰੁਕਣਗੇ। ਜੇਕਰ ਸਮੇਂ ਵਿੱਚ ਖੜੋਤ ਆ ਗਈ ਤਾਂ ਅਤੀਤ, ਵਰਤਮਾਨ ਅਤੇ ਭਵਿੱਖ ਕਿਵੇਂ ਬਣਨਗੇ, ਦਿਨਾਂ ਰਾਤਾਂ, ਰੁੱਤਾਂ, ਸਾਲਾਂ ਅਤੇ ਸਦੀਆਂ ਦਾ ਨਿਰਮਾਣ ਕਿਵੇਂ ਹੋਵੇਗਾ? ਇਹ ਸਮੇਂ ਦੀ ਗਤੀਸ਼ੀਲਤਾ ਹੀ ਤਾਂ ਹੈ ਜਿਸ ਨਾਲ ਜਿੱਤਾਂ ਹਾਰਾਂ, ਉਤਾਰ ਚੜ੍ਹਾ, ਵਿਨਾਸ਼ ਨਿਰਮਾਣ, ਖੁਸ਼ੀਆਂ ਗ਼ਮੀਆਂ, ਅਮੀਰੀ ਗਰੀਬੀ, ਰਾਜਾ ਰੰਕ ਅਤੇ ਖੁਸ਼ਹਾਲੀ ਅਤੇ ਬਰਬਾਦੀ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਜੇਕਰ ਸਮਾਂ ਰੁਕ ਜਾਂਦਾ ਤਾਂ ਨੈਪੋਲੀਅਨ ਲੜਾਈ ਦੇ ਮੈਦਾਨ ਵਿੱਚ ਪੰਜ ਮਿੰਟ ਦੀ ਦੇਰੀ ਨਾਲ ਨਾ ਪਹੁੰਚਦਾ ਅਤੇ ਨਾ ਹੀ ਉਹ ਲੜਾਈ ਹਾਰਦਾ। ਸਮੇਂ ਦੇ ਵਹਿਣ ਨਾਲ ਹੀ ਦਰਿਆਵਾਂ ਦੇ ਰੁਖ ਅਤੇ ਸਥਾਨ ਬਦਲ ਜਾਂਦੇ ਹਨ। ਦੇਸ਼ਾਂ ਦੀਆਂ ਸਰਹੱਦਾਂ ਵਿੱਚ ਬਦਲਾਅ ਆ ਜਾਂਦਾ ਹੈ। ਸਮਾਂ ਕਦੇ ਕਿਸੇ ਨੂੰ ਮੁਆਫ਼ ਨਹੀਂ ਕਰਦਾ। ਸਮੇਂ ਸਿਰ ਨਾ ਸੰਭਲਣ ਵਾਲੇ ਲੋਕਾਂ ਨੂੰ ਪਛਤਾਉਣਾ ਪੈਂਦਾ ਹੈ। ਕਿਸੇ ਸਮੇਂ ਦੀਆਂ ਕੀਤੀਆਂ ਹੋਈਆਂ ਗਲਤੀਆਂ ਕਾਰਨ ਮਨੁੱਖ ਨੂੰ ਉਮਰ ਭਰ ਪਛਤਾਉਣਾ ਪੈਂਦਾ ਹੈ। ਬਾਂਦਰ ਤੋਂ ਸੱਭਿਆ ਮਨੁੱਖ ਬਣਕੇ ਜ਼ਿੰਦਗੀ ਜਿਊਣ ਦਾ ਸਫ਼ਰ ਸਮੇਂ ਦੀ ਤਬਦੀਲੀ ਦਾ ਹੀ ਪ੍ਰਮਾਣ ਹੈ। ਜੇਕਰ ਸਮਾਂ ਰੁਕ ਜਾਂਦਾ ਤਾਂ ਮਨੁੱਖ ਦੇ ਮਨ ਵਿੱਚ ਤਰੱਕੀ ਕਰਨ, ਅੱਗੇ ਵਧਣ ਅਤੇ ਬਦਲਾਅ ਲਿਆਉਣ ਦੀ ਸੋਚ ਹੀ ਪੈਦਾ ਨਾ ਹੁੰਦੀ। ਇਹ ਸਮੇਂ ਦਾ ਬਦਲਾਅ ਹੀ ਸੀ ਕਿ ਪਾਂਡਵਾਂ ਨੂੰ ਪੰਜ ਪਿੰਡ ਦੇਣ ਤੋਂ ਨਾਂਹ ਕਰਨ ਵਾਲੇ ਕੌਰਵਾਂ ਨੂੰ ਆਪਣੇ ਸਾਮਰਾਜ ਤੋਂ ਹੀ ਹੱਥ ਧੋਣਾ ਪਿਆ। ਜੇਕਰ ਸਮਾਂ ਰੁਕ ਜਾਂਦਾ ਤਾਂ ਮਨੁੱਖ ਨੂੰ ਵਿਗਿਆਨਕ, ਵਪਾਰਕ, ਸਿੱਖਿਅਕ, ਰਾਜਨੀਤਿਕ, ਸੱਭਿਅਕ, ਆਰਥਿਕ ਅਤੇ ਹੋਰ ਤਰੱਕੀ ਕਦੇ ਵੀ ਵੇਖਣ ਨੂੰ ਨਸੀਬ ਨਾ ਹੁੰਦੀ। ਮਨੁੱਖ ਸਮਾਂ ਬਦਲਣ ਦੀ ਆਸ ਨਾਲ ਹੀ ਜਿਊਂਦਾ ਹੈ। ਜੇਕਰ ਸਮਾਂ ਹੀ ਰੁਕ ਗਿਆ ਤਾਂ ਮਨੁੱਖ ਦੀ ਚੰਗਾ ਸਮਾਂ ਆਉਣ ਦੀ ਆਸ ਦਾ ਕੀ ਬਣੂ? ਇੱਕ ਟਾਹਣੀ ਤੋਂ ਛਾਲ ਮਾਰਕੇ ਦੂਜੀ ਟਾਹਣੀ ਤਕ ਪਹੁੰਚਣ ਵਾਲਾ ਬਾਂਦਰ ਸਮੇਂ ਦੇ ਰੁਕਣ ਨਾਲ ਕਦੇ ਵੀ ਨਹੀ ਪਹੁੰਚ ਸਕਦਾ ਸੀ। ਸਮਾਂ ਬੜਾ ਬਲਵਾਨ ਹੈ, ਸਮਾਂ ਬੜਾ ਸਮਰੱਥ ਹੈ ਅਤੇ ਸਮਾਂ ਆਪਣੀ ਚਾਲ ਨਾਲ ਚੱਲਦਾ ਹੈ, ਇਹ ਅਖਾਣ ਸਮੇਂ ਦੀ ਗਤੀਸ਼ੀਲਤਾ ਨੂੰ ਹੀ ਦਰਸਾਉਂਦੇ ਹਨ।



-ਪ੍ਰਿੰ. ਵਿਜੈ ਕੁਮਾਰ-

ਸੁਪਨਿਆਂ ਤੋਂ ਬਿਨਾਂ ਤਾਂ ਮਨੁੱਖੀ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸੁਪਨੇ ਹੀ ਤਾਂ ਮਨੁੱਖ ਨੂੰ ਜਿਊਂਦਾ ਰੱਖਦੇ ਹਨ। ਜਿਨ੍ਹਾਂ ਦੇ ਸੁਪਨੇ ਰੁਕ ਜਾਂਦੇ ਹਨ, ਉਹ ਤਰੱਕੀ ਕਰਨ ਅਤੇ ਅੱਗੇ ਵਧਣ ਦੇ ਰਾਹ ਵੀ ਭੁੱਲ ਜਾਂਦੇ ਹਨ। ਸੁਪਨੇ ਹੀ ਸੰਘਰਸ਼ ਦਾ ਰਾਹ ਤਿਆਰ ਕਰਦੇ ਹਨ। ਸੁਪਨੇ ਹੀ ਸਫ਼ਲਤਾ ਅਤੇ ਜਿੱਤਾਂ ਦੀ ਪ੍ਰਾਪਤੀ ਲਈ ਹੌਸਲੇ ਬੁਲੰਦ ਕਰਦੇ ਹਨ। ਮਰਹੂਮ ਰਾ ਸ਼ਟਰਪਤੀ ਡਾਕਟਰ ਏ.ਪੀ.ਜੇ ਅਬਦੁਲ ਕਲਾਮ ਕਹਿੰਦੇ ਸਨ ਕਿ ਸੁਪਨੇ ਉਹ ਨਹੀਂ ਜੋ ਸੁਤਿਆਂ ਹੋਇਆਂ ਨੂੰ ਆਉਂਦੇ ਹਨ, ਸੁਪਨੇ ਤਾਂ ਉਹ ਹੁੰਦੇ ਹਨ ਜੋ ਮਨੁੱਖ ਨੂੰ ਸੌਣ ਨਹੀਂ ਦਿੰਦੇ। ਸੁਪਨੇ ਤਾਂ ਹਾਰਾਂ ਅਤੇ ਅਸਫ਼ਲਤਾਵਾਂ ਤੋਂ ਬਾਅਦ ਵੀ ਨਹੀਂ ਰੁਕਦੇ। ਹਾਰਾਂ ਨੂੰ ਜਿੱਤਾਂ ਵਿੱਚ ਅਤੇ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਬਦਲਣ ਲਈ ਤਾਂ ਸੁਪਨਿਆਂ ਦੀ ਚਾਲ ਹੋਰ ਤੇਜ਼ ਹੋ ਜਾਂਦੀ ਹੈ। ਜ਼ਿੰਦਗੀ ਵਿੱਚ ਉਤਾਰ ਚੜ੍ਹਾ, ਖੋਣ ਪਾਉਣ, ਜਿੱਤਣ ਹਾਰਨ ਅਤੇ ਅਮੀਰੀ ਗਰੀਬੀ ਦਾ ਸਿਲਸਿਲਾ ਸੁਪਨਿਆਂ ਨਾਲ ਜੁੜਿਆ ਹੋਇਆ ਹੈ। ਨਿਕੰਮੇ, ਆਲਸੀ, ਲਾਪਰਵਾਹ ਤੇ ਸਿਰਫ ਸੋਚਣ ਵਾਲੇ ਲੋਕਾਂ ਦੇ ਸੁਪਨੇ ਕੇਵਲ ਮੁੰਗੇਰੀ ਲਾਲ ਦੇ ਸੁਪਨਿਆਂ ਵਰਗੇ ਹੀ ਹੁੰਦੇ ਹਨ। ਜਿਨ੍ਹਾਂ ਲੋਕਾਂ ਨੂੰ ਕੁਝ ਕਰਕੇ ਵਿਖਾਉਣ ਦੇ ਸੁਪਨੇ ਆਉਂਦੇ ਹਨ, ਉਹ ਕਦੇ ਵੀ ਔਕੜਾਂ ਦੀ ਪ੍ਰਵਾਹ ਨਹੀਂ ਕਰਦੇ। ਉਹ ਹਕੀਕਤ ਤੋਂ ਜਾਣੂ ਹੁੰਦੇ ਹਨ। ਸੁਪਨੇ ਉਨ੍ਹਾਂ ਨੂੰ ਆਰਾਮ ਨਾਲ ਬੈਠਣ ਨਹੀਂ ਦਿੰਦੇ। ਇੱਕ ਸੁਪਨੇ ਉਹ ਹੁੰਦੇ ਜੋ ਕੇਵਲ ਆਪਣੀ ਤਰੱਕੀ ਅਤੇ ਪ੍ਰਾਪਤੀ ਤਕ ਮਹਿਦੂਦ ਹੁੰਦੇ ਹਨ। ਉਨ੍ਹਾਂ ਸੁਪਨਿਆਂ ਦੀ ਚਰਚਾ ਤੇ ਸ਼ਲਾਘਾ ਕੁਝ ਲੋਕਾਂ ਤਕ ਹੀ ਮਹਿਦੂਦ ਰਹਿੰਦੀ ਹੈ ਪਰ ਦੇਸ਼, ਸਮਾਜ ਅਤੇ ਕੌਮ ਦੀਆਂ ਪ੍ਰਾਪਤੀਆਂ, ਵਿਕਾਸ ਅਤੇ ਤਬਦੀਲੀਆਂ ਲਈ ਲਏ ਗਏ ਸੁਪਨਿਆਂ ਦਾ ਇਤਿਹਾਸ ਲਿਖਿਆ ਜਾਂਦਾ ਹੈ। ਉਨ੍ਹਾਂ ਦੀ ਚਰਚਾ ਲੰਬੇ ਸਮੇਂ ਤਕ ਹੁੰਦੀ ਰਹਿੰਦੀ ਹੈ। ਕਲਪਨਾ ਚਾਵਲਾ ਅਤੇ ਰਾਕੇਸ਼ ਸ਼ਰਮਾ ਦਾ ਪੁਲਾੜ ਵਿੱਚ ਜਾਕੇ ਆਪਣੇ ਦੇਸ਼ ਦੇ ਝੰਡੇ ਨੂੰ ਲਹਿਰਾਉਣ ਦੇ ਸੁਪਨਿਆਂ ਦਾ ਜ਼ਿਕਰ ਹਰ ਕੋਈ ਕਰਦਾ ਹੈ।

ਇੱਛਾਵਾਂ ਮਨੁੱਖ ਦੇ ਜਨਮ ਤੋਂ ਲੈ ਕੇ ਜੀਵਨ ਦੇ ਅੰਤ ਤਕ ਕਦੇ ਵੀ ਨਹੀਂ ਰੁਕਦੀਆਂ। ਮਨੁੱਖ ਦੀ ਇਹ ਫਿਤਰਤ ਹੈ ਕਿ ਭਾਵੇਂ ਉਸ ਦੀਆਂ ਜਿੰਨੀਆਂ ਮਰਜ਼ੀ ਇੱਛਾਵਾਂ ਪੂਰੀਆਂ ਹੋ ਜਾਣ, ਪਰ ਉਸਦੀਆਂ ਇੱਛਾਵਾਂ ਕਦੇ ਮੁੱਕਦੀਆਂ ਨਹੀਂ ਹੁੰਦੀਆਂ। ਜਿਵੇਂ ਜਿਵੇਂ ਜ਼ਿੰਦਗੀ ਦੇ ਪੜਾਅ ਬਦਲਦੇ ਹਨ, ਉਵੇਂ ਉਵੇਂ ਇੱਛਾਵਾਂ ਦਾ ਰੂਪ ਵੀ ਬਦਲਦਾ ਜਾਂਦਾ ਹੈ। ਸਿੱਖਿਆ, ਨੌਕਰੀ ਤੇ ਧਨ ਹਾਸਲ ਕਰਨ ਦੀ ਇੱਛਾ, ਵਿਆਹ ਅਤੇ ਬੱਚੇ ਪੈਦਾ ਹੋਣ ਦੀ ਇੱਛਾ, ਮਕਾਨ ਬਣਾਉਣ ਅਤੇ ਹੋਰ ਸੁਖ ਸਹੂਲਤਾਂ ਹਾਸਲ ਕਰਕੇ ਚੰਗੀ ਜ਼ਿੰਦਗੀ ਗੁਜ਼ਾਰਨ ਦੀ ਇੱਛਾ, ਇਹ ਸਾਰਾ ਕੁਝ ਮਨੁੱਖ ਦੀ ਜ਼ਿੰਦਗੀ ਦੇ ਨਾਲ ਨਾਲ ਚੱਲਦਾ ਹੈ। ਇੱਛਾਵਾਂ ਦੀਆਂ ਵੀ ਬਹੁਤ ਸਾਰੀਆਂ ਕਿਸਮਾਂ ਹਨ। ਕਈ ਇੱਛਾਵਾਂ ਨਿੱਜੀ ਜ਼ਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਕਈ ਇੱਛਾਵਾਂ ਦਾ ਸੰਬੰਧ ਪਰਿਵਾਰ, ਸਮਾਜ, ਦੇਸ਼ ਅਤੇ ਕੌਮ ਨਾਲ ਹੁੰਦਾ ਹੈ। ਕਈ ਇੱਛਾਵਾਂ ਦੂਜਿਆਂ ਨੂੰ ਨੀਵਾਂ ਵਿਖਾਉਣ, ਲੋਕਾਂ ਦਾ ਬੁਰਾ ਕਰਨ ਅਤੇ ਬਦਲਾ ਲੈਣ ਲਈ ਪੈਦਾ ਹੁੰਦੀਆਂ ਹਨ। ਇੱਛਾਵਾਂ ਦਾ ਸਕਾਰਾਤਮਕ ਅਤੇ ਅਗਾਂਹ ਵਧੂ ਸੋਚ ਵਾਲੀਆਂ ਹੋਣਾ ਮਨੁੱਖ ਦੀ ਉੱਚੀ ਅਤੇ ਚੰਗੀ ਸੋਚ ਦਾ ਪ੍ਰਤੀਕ ਹੁੰਦਾ ਹੈ ਪਰ ਨਕਾਰਾਤਮਕ ਅਤੇ ਘਟੀਆ ਸੋਚ ਵਾਲੀਆਂ ਇੱਛਾਵਾਂ ਮਨੁੱਖੀ ਸ਼ਖਸੀਅਤ ਦੇ ਪ੍ਰਭਾਵ ਨੂੰ ਪੇਤਲਾ ਕਰਦੀਆਂ ਹਨ। ਪ੍ਰਸਿੱਧ ਦਾਰਸ਼ਨਿਕ ਪਲੂਟੋ ਕਹਿੰਦਾ ਹੈ ਕਿ ਜਦੋਂ ਮਨੁੱਖ ਆਪਣੇ ਮਨ ਵਿੱਚ ਦੂਜਿਆਂ ਤੋਂ ਬਦਲਾ ਲੈਣ ਅਤੇ ਕਿਸੇ ਦਾ ਬੁਰਾ ਕਰਨ ਬਾਰੇ ਸੋਚਦਾ ਹੈ ਤਾਂ ਉਸਦਾ ਆਪਣਾ ਬੁਰਾ ਪਹਿਲਾਂ ਹੁੰਦਾ ਹੈ ਕਿਉਕਿ ਉਸਨੇ ਜੋ ਤਾਕਤ ਆਪਣੀ ਤਰੱਕੀ ਉੱਤੇ ਲਗਾਉਣੀ ਹੁੰਦੀ ਹੈ, ਉਸਦੀ ਉਹ ਤਾਕਤ ਦੂਜਿਆਂ ਦਾ ਬੁਰਾ ਕਰਨ ਦੇ ਢੰਗ ਲੱਭਣ ਉੱਤੇ ਲੱਗ ਜਾਂਦੀ ਹੈ।

ਸਾਰੇ ਧਾਰਮਿਕ ਗ੍ਰੰਥਾਂ ਵਿੱਚ ਇਹ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਆਪਣੀਆਂ ਇੱਛਾਵਾਂ ਉੱਤੇ ਕਾਬੂ ਰੱਖਣਾ ਚਾਹੀਦਾ ਹੈ। ਮਨੁੱਖ ਜਿੰਨੀਆਂ ਵੱਧ ਤੋਂ ਵੱਧ ਇੱਛਾਵਾਂ ਪਾਲਦਾ ਹੈ, ਉਹ ਉੰਨਾ ਹੀ ਤਣਾਅ ਵਿੱਚ ਰਹਿੰਦਾ ਹੈ। ਜਿਹੜੇ ਲੋਕ ਸਮੇਂ, ਸੁਪਨਿਆਂ ਅਤੇ ਇੱਛਾਵਾਂ ਦੀ ਹਕੀਕਤ ਨੂੰ ਸਮਝਦੇ ਹਨ, ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਹੁੰਦੀ ਹੈ।

# ਸ਼ੂਕਦੇ ਆਬ ਤੇ ਖ਼ਾਬ




ਮਨੁੱਖੀ ਮਾਨਸਿਕਤਾ ਸਮੁੰਦਰਾਂ ਨਾਲੋਂ ਵਧੇਰੇ ਦਰਿਆਵਾਂ ਨਾਲ ਜੁੜੀ ਹੋਈ ਹੈ । ਲੋਕ ਧਾਰਾ ਵੀ ਦਿਲ ਦੀ ਤੁਲਨਾ ਸਮੁੰਦਰ ਨਾਲ ਨਹੀਂ ਕਰਦੀ ਸਗੋਂ ਐਸੇ ਦਰਿਆ ਨਾਲ ਕਰਦੀ ਹੈ, ਜੋ ਸਮੁੰਦਰ ਨਾਲੋਂ ਵੀ ਡੂੰਘਾ ਹੈ । ਦੁਨੀਆ ਦੀਆਂ ਸਾਰੀਆਂ ਸੱਭਿਅਤਾਵਾਂ ਦਰਿਆਵਾਂ ਦੇ ਕੰਢਿਆਂ 'ਤੇ ਹੀ ਉਸਰੀਆਂ, ਕਿੰਨੇ ਹੀ ਪਿਆਰ ਦਰਿਆਵਾਂ ਦੇ ਪੱਤਣਾਂ 'ਤੇ ਆਰੰਭ ਹੋਏ ਅਤੇ ਦਰਿਆਵਾਂ ਦੀ ਗੋਦ ਵਿਚ ਸਮਾ ਗਏ । ਧਰਤੀ ਦੇ ਪੁੱਤਰਾਂ ਨੇ ਧਰਤੀ ਵੰਡੀ ਤਾਂ ਦਰਿਆ ਧਰਤੀ ਦੇ ਟੁਕੜਿਆਂ ਦੀਆਂ ਸਰਹੱਦਾਂ ਮਿਥੇ ਗਏ ਤੇ ਜਦੋਂ ਧਰਤੀ ਦੇ ਪੁੱਤਰਾਂ ਦਾ ਖ਼ੂਨ ਵਗਿਆ ਤਾਂ ਦਰਿਆਵਾਂ ਦੇ ਪਾਣੀ ਲਾਲ ਰੱਤੇ ਹੋ ਗਏ । ਦਰਿਆ ਅਤੇ ਮਨੁੱਖ ਦੀ ਇਹ ਸਾਂਝ ਡਾ. ਮੇਹਰ ਮਾਣਕ ਦੀ ਕਾਵਿ ਪੁਸਤਕ 'ਸ਼ੂਕਦੇ ਆਬ ਤੇ ਖ਼ਾਬ' ਵਿਚ ਦਰਿਆਈ ਪਾਣੀਆਂ ਦੀ ਸੁਪਨਈ ਰੰਗਤ ਅਤੇ ਮਨੁੱਖੀ ਖ਼ਾਬਾਂ ਦੀ ਤਰਲਤਾ ਵਜੋਂ ਕਾਵਿ ਬਿੰਬ ਵਿੱਚ ਢਲਦੀ ਹੈ ।

ਡਾ. ਮੇਹਰ ਮਾਣਕ ਇਕ ਪ੍ਰਬੁੱਧ ਚਿੰਤਕ, ਸਮਾਜ ਸ਼ਾਸਤਰ ਦਾ ਵਿਦਵਾਨ, ਅਤੇ ਸੰਵੇਦਨਸ਼ੀਲ ਸ਼ਾਇਰ ਹੈ । ਉਸ ਦੀ ਇਹ ਕਾਵਿ ਪੁਸਤਕ ਦਰਿਆ ਅਤੇ ਮਨੁੱਖ ਦੇ ਅੰਤਰ ਸੰਬੰਧਾਂ ਨੂੰ ਚੇਤਨਾ ਅਤੇ ਸੰਵੇਦਨਾ ਦੇ ਵੱਖ ਪਾਸਾਰਾਂ ਦੇ ਅੰਤਰਗਤ ਆਪਣਾ ਕਾਵਿ ਵਸਤੂ ਬਣਾਉਂਦੀ ਹੈ । ਪੰਜਾਬੀ ਵਿੱਚ ਦਰਿਆਵਾਂ ਦੀ ਗੱਲ ਕਰਦੀ, ਦਰਿਆਵਾਂ ਨਾਲ ਸੰਵਾਦ ਰਚਾਉਂਦੀ, ਦਰਿਆਵਾਂ ਦੇ ਦਰਦ ਫਰੋਲਦੀ ਅਤੇ ਦਰਿਆਵਾਂ ਦੀ ਤੋਰ ਤੁਰਦੀ ਕਵਿਤਾ ਦੀ ਬੜੀ ਘਾਟ ਸੀ, ਜਿਸ ਘਾਟ ਨੂੰ ਡਾ. ਮੇਹਰ ਮਾਣਕ ਦੀ ਇਹ ਕਾਵਿ ਪੁਸਤਕ ਪੂਰਾ ਕਰਦੀ ਹੈ ਕਿਉਂਕਿ ਇਸ ਕਿਤਾਬ ਦੀ ਵਿਲੱਖਣਤਾ ਹੀ ਇਸ ਗੱਲ ਵਿੱਚ ਹੈ ਕਿ ਇਹ ਸਮੁੱਚੀ ਕਿਤਾਬ ਸਮੱਗਰ ਰੂਪ ਵਿਚ ਦਰਿਆਵਾਂ ਦੀ ਹੀ ਗੱਲ ਕਰਦੀ ਹੈ । ਉਸ ਦੀ ਕਵਿਤਾ ਵਿਚ ਵੇਗ ਵੀ ਹੈ ਤੇ ਰਿਦਮ ਵੀ । ਉਸ ਨੂੰ ਨਸਰੀ ਨਜ਼ਮ ਦੀ ਘਾੜਤ ਦਾ ਗਿਆਨ ਵੀ ਹੈ ਅਤੇ ਪਾਬੰਦ ਨਜ਼ਮ ਦੀ ਘਾੜਤ ਦਾ ਵੀ । ਉਸ ਨੂੰ ਬਿੰਬ ਸਿਰਜਣੇ ਆਉਂਦੇ ਹਨ, ਚਿਹਨਕਾਰੀ ਦਾ ਇਲਮ ਵੀ ਹੈ ਅਤੇ ਉਸ ਦੀ ਭਾਸ਼ਾ ਉੱਪਰ ਵੀ ਵਧੀਆ ਪਕੜ ਹੈ । ਡਾ. ਮੇਹਰ ਮਾਣਕ ਤੋਂ ਪੰਜਾਬੀ ਕਵਿਤਾ ਨੂੰ ਬੜੀਆਂ ਆਸਾਂ ਹਨ ਅਤੇ ਮੈਨੂੰ ਇਨ੍ਹਾ ਆਸਾਂ ਉੱਤੇ ਖਰੇ ਉੱਤਰਨ ਲਈ ਡਾ. ਮੇਹਰ ਮਾਣਕ ਉੱਪਰ ਪੂਰਾ ਯਕੀਨ ਹੈ ।

-- ਪ੍ਰੋ. ਜਸਪਾਲ ਘਈ

## ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ

# ਚਚਰਾੜੀ, ਜਰਖੜ ਹਾਕੀ ਅਕੈਡਮੀ, ਏਕ ਨੂਰ ਅਕੈਡਮੀ ਤਹਿੰਗ ਵੱਲੋਂ ਜੇਤੂ ਸ਼ੁਰੂਆਤ









ਲੁਧਿਆਣਾ (ਪੰਜਾਬ ਸਟਾਰ): ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋ ਕਰਵਾਏ ਜਾ ਰਹ 14ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਅੱਜ ਜਿੱਥੇ ਜੂਨੀਅਰ ਵਰਗ ਵਿੱਚ ਚਚਰਾੜੀ , ਜਰਖੜ ਹਾਕੀ ਅਕੈਡਮੀ ਵੱਲੋ ਆਪਣੀ ਜੇਤੂ ਸ਼ੁਰੂਆਤ ਕੀਤੀ ਗਈ ਉੱਥੇ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇ ਜਰਖੜ ਹਾਕੀ ਅਕੈਡਮੀ ਨੇ ਵੀ ਆਪਣੇ ਪਹਿਲੇ ਮੈਚ ਵਿੱਚ ਜੇਤੂ ਮੋਰਚਾ ਫਤਿਹ ਕੀਤਾ ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪਧਰੀ ਓਲੰਪੀਅਨ ਪ੍ਰਿੰਥੀਪਲ ਹਾਕੀ ਫੈਸਟੀਵਲ ਦੇ ਦੂਜੇ ਦਿਨ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਘਵੱਦੀ ਸਕੂਲ ਨੂੰ 6-2 ਗੋਲਾਂ ਨਾਲ ਹਰਾਇਆ । ਚਚਰਾੜੀ ਦਾ ਪ੍ਰਭਜੋਤ ਸਿੰਘ ਹੀਰੋ ਆਫ ਦਾ ਮੈਚ ਬਣਿਆ ਜਦ ਕਿ ਦੂਸਰੇ ਜੂਨੀਅਰ ਵਰਗ ਦੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 3-0 ਨਾਲ ਹਰਾਇਆ ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ। ਸੀਨੀਅਰ ਵਰਗ ਦੇ ਵਿੱਚ ਬਹੁਤ ਹੀ ਫਸਵੇਂ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੂੰ 3-2 ਨਾਲ ਮਾਤ ਦਿੱਤੀ । ਜਰਖੜ ਹਾਕੀ ਅਕੈਡਮੀ ਦਾ ਰੋਬਿਨ ਕੁਮਾਰ ਹੀਰੋ ਆਫ ਦਾ ਮੈਚ ਬਣਿਆ। ਆਖਰੀ ਲੀਗ ਮੈਚ ਵਿੱਚ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਸਟਿਕ ਸਟਾਰ ਬੇਕਰਜਫੀਲਡ ਕੈਲੀਫੋਰਨੀਆ ਨੂੰ ਵੱਡਾ ਉਲਟ ਫੇਰ ਕਰਦੇ ਆਂ 6-5 ਨਾਲ ਹਰਾਇਆ । ਏਕ ਨੂਰ ਅਕੈਡਮੀ ਦਾ ਪ੍ਰਿੰਸ ਹੀਰੋ ਆਫ ਦਾ ਮੈਚ ਬਣਿਆ ।

ਅੱਜ ਦੇ ਮੈਚਾਂ ਦੌਰਾਨ ਸਰਦਾਰ ਰਘਵੀਰ ਸਿੰਘ ਖਾਨਪੁਰ ਅਮਰੀਕਾ ਅਤੇ ਉੱਘੇ ਸਮਾਜ ਸੇਵੀ ਹਰਨੇਕ ਸਿੰਘ ਭੱਪ ਨੇ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਪਰਮਜੀਤ ਸਿੰਘ ਨੀਟੂ , ਕੁਲਦੀਪ ਸਿੰਘ ਘਵੱਦੀ , ਗੁਰਸਤਿੰਦਰ ਸਿੰਘ ਪ੍ਰਗਟ ,ਪਰਮ ਗਰੇਵਾਲ ਗਿੱਲ , ਸ਼ਿੰਗਾਰਾ ਸਿੰਘ ਜਰਖੜ , ਤਜਿੰਦਰ ਸਿੰਘ ਜਰਖੜ ,ਸੰਦੀਪ ਸਿੰਘ ਪੰਧੇਰ, ਸਾਬੀ ਜਰਖੜ , ਗੁਰਵਿੰਦਰ ਸਿੰਘ ਕਿਲਾ ਰਾਇਪੁਰ ,ਰੁਪਿੰਦਰ ਸਿੰਘ ਗਿੱਲ ਸਮਰਾਲਾ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਅਤੇ ਇਲਾਕੇ ਦੀਆਂ ਹੋਰ ਉੱਘੀਆਂ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਦਿਆ ਦੱਸਿਆ ਕਿ ਹੁਣ ਇਸ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੁਕਾਬਲੇ 11 ਅਤੇ 12 ਮਈ ਨੂੰ ਖੇਡੇ ਜਾਣਗੇ ।

AUTOBAHN



FREIGHT LINES LTD

Now Hiring
Professional AZ Drivers
& Owner Operators
from
TO & WINDSOR, ON TO USA

We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test

We Offer:
• Dedicated lanes from WINDSOR to OH, ILL, MO, GA, TN, KY, OK
• Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks

For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public

A Firm That Acts Big!

Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters

Paramjit Singh Gill (MBA, LL.B.)
Tel: 905-790-3636



Emergency Contact:
416-910-5676
www.shergilllawfirm.ca

2565 Steeles Ave E. Unit #20, Brampton, ON L6T 4L6

# ਮੇਰੇ ਵੱਡੀ ਬੀਬੀ ਜੀ



ਵੈਸੇ ਤਾਂ ਉਹ ਮੇਰੇ ਤਾਈ ਜੀ ਲੱਗਦੇ ਸੀ ,ਤਾਏ ਸਵਰਗੀ ਸਰਦਾਰ ਮਾਸਟਰ ਹਰਚੰਦ ਸਿੰਘ ਦੀ ਸਪੁਤਨੀ ।ਪਰ ਅਸੀ ਉਹਨਾ ਨੂੰ ਸਤਿਕਾਰ ਨਾਲ ਸਾਰੇ ਵੱਡੀ ਬੀਬੀ ਜੀ ਤੇ ਵੱਡੇ ਭਾਪਾ ਜੀ ਕਹਿਕੇ ਬੁਲਾਦੇ ਸੀ । ਮੇਰੇ ਪਿਤਾ ਜੀ ਫੌਜ ਵਿੱਚ ਨੌਕਰੀ ਕਰਦੇ ਸਨ । ਸਾਂਝੇ ਘਰ ਵਿੱਚ ਸਾਡਾ ਪਾਲਣ ਪੋਸਣ ਮਾਂ ,ਦਾਦੇ ਦਾਦੀ ਤੇ ਸਾਡੇ ਇਸ ਤਾਏ ਤਾਈ ਨੇ ਕੀਤਾ । ਵੱਡੇ ਪਰੀਵਾਰ ਵਿੱਚ ਸਿਰਫ ਵੱਡਾ ਭਾਪਾ ਤੇ ਬੀਬੀ ਜੀ ਸਾਰੇ ਪਰੀਵਾਰ ,ਰਿਸਤੇਦਾਰਾਂ ਦੇ ਦੁੱਖ ਸੁੱਖ ਦੀ ਜਿੰਮੇਵਾਰੀ ਆਪਣੇ ਸਿਰ ਚੁੱਕ ਲੈਂਦੇ ਸਨ ।ਉਹਨਾ ਕੋਲ ਇਸ ਨੂੰ ਨਿਭਾਉਣ ਦੀ ਕਲਾ ਵੀ ਸਿਰੇ ਦੀ ਸੀ । ਵੱਡੀ ਬੀਬੀ ਜੀ ਦਾ ਨਾਮ ਬੀਬੀ ਜਗਦੀਸ ਕੌਰ ਸੀ , ਪਰ ਦਰਾਣਾ ਜਠਾਣਾ ਤੇ ਉਹਨਾ ਦੇ ਸਕੂਲ ਦੇ ਵਿਦਿਆਰਥੀ ਦੀਸ਼ੋ ਭੈਣ ਜੀ * ਕਹਿ ਕੇ ਬੁਲਾਂਦੇ ਹਨ ।ਸਾਡੇ ਸਾਰੇ ਪਰੀਵਾਰ ਵਿੱਚੋ ਉਹੀ ਪਹਿਲੇ * ਔਰਤ* ਅਧਿਆਪਿਕ ਸਨ।,ਜਿਨਾਂ ਨੇ ਸਾਰੇ ਪਰੀਵਾਰ ਦੇ ਬੱਚਿਆਂ ਨੂੰ ਲਿਆਕਤ ਦੇ ਨਾਲ ਵਿੱਦਿਆ ਦਾ ਦਾਨ ਵੀ ਦਿੱਤਾ ਮੇਰੇ ਨਾਲ ਉਹਨਾ ਦੇ ਸਾਰੇ ਪਰੀਵਾਰ ਦਾ ਖ਼ਾਸ ਪਿਆਰ ਹੈ , ਬਚਪਨ ਵਿੱਚ ਉਹਨਾਂ ਮੇਰਾ ਪਾਲਣ ਪੋਸਣ ਵੀ ਕੀਤਾ , ਪੰਜ ਸਾਲ ਟੀਚਰ ਵੀ ਰਹੇ । ਛੱਤੀ ਕੁ ਸਾਲ ਪਹਿਲਾਂ ਵੈਨਕੂਵਰ (ਕਨੇਡਾ )ਬੱਚਿਆਂ ਸਮੇਤ ਆਕੇ ਆਪਣੇ ਪਰੀਵਾਰ ਦੇ ਨਾਲ ਪਿਛਲੇ ਸਾਰੇ ਰਿਸ਼ਤੇਦਾਰਾਂ ਨੂੰ ਵੀ ਸਥਾਪਿਤ ਕੀਤਾ । ਮੈਨੂੰ ਵੀ ਗਰੀਬੀ ਵਿੱਚ ਕੱਢਕੇ ,ਕਨੇਡਾ ਵਿੱਚ ਸਮੇਤ ਪਰੀਵਾਰ ਸਥਾਪਿਤ ਕੀਤਾ । ਸਾਡੀ ਵੱਡੀ ਬੀਬੀ ਬੜੇ ਨਿਮਰ ਸੁਭਾਅ ਦੀ ਸਨ ।ਉਹਨਾਂ ਵਿੱਚ ਕਿਸੇ ਵੀ ਮੁਸ਼ਕਲ ਨੂੰ ਹੱਲ ਕਰਨ ਦੀ ਨਿਵੇਕਲੀ ਕਲਾ ਸੀ ਉਹ ਪੁੱਜਕੇ ਇਮਾਨਦਾਰ ਮਿਹਨਤੀ ,ਧਾਰਮਿਕ ,ਸਿਰੜੀ ਸੁਭਾਅ ਦੀ ਇਸ ਮਹਾਨ ਔਰਤ ਨੂੰ ਮਿਲਣ ਵਾਲਾ ਕੋਈ ਵੀ ਸਾਰੀ ਉਮਰ ਨਹੀਂ ਭੁੱਲ ਸਕਦਾ ।ਇੱਕ ਸਫਲ ਮਾਂ ,ਸਫਲ ਟੀਚਰ ਇੱਕ ਵਧੀਆ ਇਨਸਾਨ , ਇਸ ਧਾਰਮਿਕ ਔਰਤ ਤੇ ਪਰਮਾਤਮਾ ਦੀ ਕੋਈ ਅਨੋਖੀ ਬਖ਼ਸ਼ਿਸ਼ ਸੀ । ਹਰ ਵੇਲੇ ਇਸ ਗੱਲ ਦਾ ਫ਼ਿਕਰ ਰਹਿੰਦਾ ਕੋਈ ਮੇਰੇ ਕਰਕੇ ਨਰਾਜ਼ ਨਾਂ ਹੋਵੇ .ਸਮਾਜ ਸੇਵਾ ਤੇ ਉਹਨਾ ਦੇ ਪਿਆਰ ਨਾਲ ਬੁਣੇ ਕੋਟੀਆਂ , ਸਵਾਟਰ , ਮਫ਼ਲਰ ਕਨੇਡਾਂ ਦੇ ਹਸਪਤਾਲਾਂ ਦੇ ਮਰੀਜਾਂ ਨੂੰ ਮਮਤਾ ਵਾਲਾ ਨਿੱਘ ਦੇ ਰਹੇ ਹਨ । ਉਹ ਬਿਮਾਰੀ ਦੀ ਹਾਲਤ ਵਿੱਚ ਹਮੇਸਾ ਸ਼ਿਮਰਨ ਵਿੱਚ ਲੀਨ ਰਹਿੰਦੇ ਸਨ ਤਰਕ ਦੇ ਨਾਲ ਗੱਲ ਕਰਨ ਵਾਲੀ ਸਾਡੀ ਇਸ *ਮਾਂ *ਕੋਲ ਦੁਨੀਆ ਭਰ ਦੇ ਗਿਆਨ ਦਾ ਭੰਡਾਰ ਸੀ । ਮੇਰਾ ਮੰਨਣਾ ਏ ਇਸ ਤਰਾਂ ਦੇ ਇਨਸਾਨ ਦੁਨੀਆ ਤੇ ਕਦੇ ਕਦੇ ਪੈਦਾ ਹੁੰਦੇ ਹਨ , ਬਾਬੇ ਨਾਨਕ ਦੀ ਸਿੱਖੀ ਦੇ ਅਸਲੀ ਪੈਰੋਕਾਰ ।ਅੱਜ ਉਹਨਾਂ ਤੋਂ ਬਿਨਾਂ ਘਰ ਹੀ ਨਹੀ *ਸਰੀ *ਸਹਿਰ ਵੀ ਸੁੰਨਾ ਸੁੰਨਾ ਲੱਗਦਾ ਆਓ ਅੱਜ ਆਪਾਂ *ਮਦਰ ਡੇਅ ਤੇ ਸਭ ਮਾਂਵਾਂ ਦੀ ਤੰਦਰੁਸਤੀ ਦੀ ਕਾਮਣਾ ਕਰੀਏ ।ਪਰੀਵਾਰ ਤੇ ਸਮਾਜ ਨੂੰ ਇਹਨਾਂ ਦੀ ਹਮੇਸਾ ਲੋੜ ਹੈ।

ਬਲਜਿੰਦਰ ਸਿੰਘ ਸੇਖਾ, 4165096200

## ਅਸੀਂ ਕਮਲੇ

ਉਸ ਬਿਨ,ਲੱਗਦੈ ਸਜ਼ਾ, ਕੱਟ ਰਹੇ ਹਾਂ।
ਸੁੱਖਾਂ ਸਾਰਿਆਂ ਤੋਂ ਪਾਸਾ,ਵੱਟ ਰਹੇ ਹਾਂ।
ਨਾ ਭਰੀ ਹਾਮੀ ਮੇਰੀ,ਕਦੇ ਵੀ ਉਸਨੇ,
ਨਾ ਪਿੱਛੇ ਫੈਸਲੇ ਤੋ ਹਾਲੇ, ਹੱਟ ਰਹੇ ਹਾਂ।
ਖ਼ੁਸ਼ ਨੇ, ਕਿਸੇ ਨੂੰ,ਜ਼ਿੰਦਗੀ ਚ ਉਹ ਪਾ ਕੇ,
ਅਸੀਂ ਝੱਲੇ ਉਸਦਾ ਹੀ ਨਾਂ, ਰੱਟ ਰਹੇ ਹਾਂ।
ਕਦਰ ਕੋਈ ਕਰ ਨਾ ਰਹੀ, ਹਾਲੇ ਵੀ ਉਹ,
ਜਿਸ ਪਿੱਛੇ ਘਰ ਆਪਣਾ,ਪੱਟ ਰਹੇ ਹਾਂ।
ਨਹੀਂ ਪੈਣਾ ਫ਼ਰਕ ਕੋਈ,ਮੌਤ ਮੇਰੀ ਨਾਲ,
ਪਲ ਪਲ ਜ਼ਹਿਰ ਗ਼ਮਾਂ ਦਾ,ਚੱਟ ਰਹੇ ਹਾਂ।
ਦੌਲਤ ਸ਼ੋਹਰਤ ਕਮਾਈ, ਉਸ ਨਾਲ ਕਿਸੇ,
ਅਸੀਂ ਕਮਲੇ ਬਦਨਾਮੀ ਹੀ, ਖੱਟ ਰਹੇ ਹਾਂ।

## ਬਦਰੂਹਾਂ

ਨਾ ਦੇਖਦਾ ਕੋਈ, ਸੀਰਤ ਕਿਸੇ ਦੀ,
ਸੋਹਣੀਆਂ ਸ਼ਕਲਾਂ ਸੂਰਤਾਂ ਤੇ ਤਾਂ,ਹਰ ਕੋਈ ਡੁੱਲ੍ਹ ਦਾ ਏ।
ਹੋ ਜਾਂਦੀਆਂ ਖੁਸ਼ੀਆਂ ਕਫੂਰ ਕਿਸੇ ਦੀਆਂ,
ਜਦੋਂ ਕਦੇ ਵੀ,ਰਾਜ ਕਈਆਂ ਦਾ,ਸ਼ਰੇਆਮ ਖੁੱਲ੍ਹ ਦਾ ਏ।
ਰੋਂਦੇ ਰਹਿੰਦੇ, ਕਹਿੰਦੇ ਰਹਿੰਦੇ, ਦੁਨੀਆਂ ਨੂੰ,
ਨਾ ਇਸ਼ਕ ਵਿੱਚ, ਅਸਾਂ ਕੁਝ ਖੱਟਿਆ ਏ।
ਸਮਝਿਆ ਪਰੀਆਂ ਜਿਨ੍ਹਾਂ ਨੂੰ ਕਈਆਂ ਨੇ,
ਬਦਰੂਹਾਂ ਘਰ ਕਈਆਂ ਦਾ ਪੱਟਿਆ ਏ।
ਪੰਜੇ ਉਂਗਲਾਂ ਹੁੰਦੀਆਂ ਨਾ,ਕਦੇ ਇੱਕ ਬਰਾਬਰ,
ਕਈ ਸੋਹਣੀਆਂ ਸ਼ਕਲਾਂ ਸੂਰਤਾਂ ,ਸਤਾਉਂਦੀਆਂ ਸੰਗਰੂਰਵੀ ਨੂੰ।
ਨਾ ਕਰਨ ਕਦੇ ਕੋਈ ਗੱਲ ਸਾਂਝੀ,ਰਹਿਣ ਦੂਰ,
ਜਾਂ ਵੇਖਣ ਘੂਰ ਘੂਰ, ਪਾਸਾ ਵੱਟ, ਮੁਕਾਉਂਦੀਆਂ ਸੰਗਰੂਰਵੀ ਨੂੰ।

ਸਰਬਜੀਤ ਸੰਗਰੂਰਵੀ, ਪੁਰਾਣੀ ਅਨਾਜ ਮੰਡੀ ਸੰਗਰੂਰ, 94631-62463

# ਸਰਕਾਰੀ ਸਕੀਮਾਂ ਦੀ ਇਸ਼ਤਿਹਾਰਬਾਜ਼ੀ ਉੱਪਰ ਹੁੰਦੀ ਫਜ਼ੂਲਖਰਚੀ ਦਾ ਜ਼ਿੰਮੇਵਾਰ ਕੌਣ...?





ਦਵਿੰਦਰ ਕੌਰ ਖੁਸ਼ ਧਾਲੀਵਾਲ

ਪਿਛਲੇ ਦਿਨੀਂ ਲੋਕ ਸਭਾ ਵਿੱਚ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਇਕ ਸਵਾਲ ਦੇ ਜਵਾਬ ਵਿੱਚ ਦੱਸਿਆ ਹੈ ਕਿ ਸਾਲ 2019 ਤੋਂ 2023 ਦੇ ਵਿਚਕਾਰ ਭਾਰਤ ਸਰਕਾਰ ਨੇ ਕੁੱਲ 967 ਕਰੋੜ 46 ਲੱਖ ਰੁਪਏ ਸਰਕਾਰੀ ਸਕੀਮਾਂ ਦੀ ਪ੍ਰਿੰਟ ਮੀਡੀਆ ਉੱਪਰ ਇਸ਼ਤਿਹਾਰਬਾਜੀ ਉੱਪਰ ਖਰਚ ਕੀਤੇ ਹਨ। ਇਨ੍ਹਾਂ ਬਿਆਨਾਂ ਤੋਂ ਬਾਅਦ ਇੱਕ ਵਾਰ ਫਿਰ ਇਹ ਗੱਲ ਚਰਚਾ ਵਿੱਚ ਹੈ ਕਿ ਇੰਨੀ ਵੱਡੀ ਪੱਧਰ ਉਤੇ ਇਸ਼ਤਿਹਾਰਬਾਜੀ ਕਰਨ ਦਾ ਆਮ ਲੋਕਾਈ ਨੂੰ ਕੀ ਲਾਭ ਹੈ, ਤੇ ਕੀ ਇਸ ਪੱਧਰ ਉੱਪਰ ਖਰਚ ਕਰਨਾ ਵਾਜਬ ਹੈ ਜਾਂ ਨਹੀਂ।

ਸਭ ਤੋਂ ਪਹਿਲਾਂ ਅਸੀਂ ਕੁਝ ਅੰਕੜੇ ਦੱਸਦੇ ਹੋਏ ਆਪਣੀ ਗੱਲ ਅੱਗੇ ਤੋਰਦੇ ਹਾਂ। ਸਾਲ 2022 ਵਿੱਚ ਹੀ ਅਨੁਰਾਗ ਠਾਕੁਰ ਵੱਲੋਂ ਦਿੱਤੇ ਇਕ ਬਿਆਨ ਮੁਤਾਬਕ ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸੰਨ 2014 ਤੋਂ ਲੈ ਕੇ 2022 ਤੱਕ ਸਰਕਾਰ ਵੱਲੋਂ ਕੁੱਲ 6491 ਕਰੋੜ ਰੁਪਏ ਸਰਕਾਰ ਦੇ ਇਸ਼ਤਿਹਾਰਾਂ ਉੱਤੇ ਖਰਚ ਕੀਤੇ ਗਏ। ਇਹਨਾਂ ਵਿੱਚੋ 3230 ਕਰੋੜ ਪ੍ਰਿੰਟ ਮੀਡੀਆ (ਅਖਬਾਰਾਂ ਅਤੇ ਮੈਗਜੀਨ) ਅਤੇ ਲੱਗਭੱਗ 3260 ਕਰੋੜ ਰੁਪਏ ਟੈਲੀਵਿਜਨ ਚੈਨਲ ਉੱਤੇ ਦਿੱਤੇ ਇਸ਼ਤਿਹਾਰਾਂ ਉੱਤੇ ਖਰਚ ਕੀਤੇ ਗਏ। ਕੇਂਦਰ ਦੀ ਭਾਜਪਾ ਸਰਕਾਰ ਤੋਂ ਪਹਿਲਾਂ ਕਾਂਗਰਸ ਦੀ ਅਗਵਾਈ ਵਿੱਚ ਚੱਲ ਰਹੀ ਯੂਪੀਏ ਸਰਕਾਰ ਵੱਲੋ 10 ਸਾਲਾਂ ਵਿੱਚ 3582 ਕਰੋੜ ਰੁਪਏ ਖਰਚ ਕੀਤੇ ਗਏ। ਇਹਨਾਂ ਤੱਥਾਂ ਤੋ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਮੋਦੀ ਸਰਕਾਰ ਵੱਲੋ ਓਨੇ ਹੀ ਸਮੇਂ ਵਿੱਚ ਦੁੱਗਣੇ ਰੁਪਏ ਸਰਕਾਰੀ ਇਸ਼ਤਿਹਾਰਾਂ ਉੱਤੇ ਖਰਚ ਕੀਤੇ ਗਏ ਹਨ। ਸਾਲ 2017-18 ਵਿੱਚ ਸਰਕਾਰ ਵੱਲੋ ਸਭ ਤੋ ਵੱਧ 636.09 ਕਰੋੜ ਰੁਪਏ ਖਰਚ ਕੀਤੇ ਗਏ। ਸੰਨ 2020-21 ਤੋ ਬਾਅਦ ਸਰਕਾਰੀ ਇਸ਼ਤਿਹਾਰਬਾਜੀ ਡਿਜੀਟਲ ਮੀਡੀਆ ਮੁਕਾਬਲੇ ਪ੍ਰਿੰਟ ਮੀਡੀਆ ਵਿੱਚ ਵਧ ਗਈ ਹੈ।

ਇਸ਼ਤਿਹਾਰਬਾਜੀ ਦੇਣ ਲਈ ਭਾਰਤ ਸਰਕਾਰ ਦੇ ਕੁਝ ਨਿਯਮ ਹਨ। ਇਸ਼ਤਿਹਾਰ ਹਾਸਲ ਕਰਨ ਵਾਲ਼ੇ ਅਖ਼ਬਾਰ ਦੀਆਂ 2000 ਤੋ ਵੱਧ ਕਾਪੀਆਂ ਹਰ ਦਿਨ ਛਪਦੀਆਂ ਹਨ। ਸਰਕਾਰੀ ਇਸ਼ਤਿਹਾਰਬਾਜੀ ਦਾ 80 ਫੀਸਦੀ ਭਾਰਤੀ ਭਾਸ਼ਾਵਾਂ ਵਾਲ਼ੇ ਅਖਬਾਰਾਂ ਲਈ ਰਾਖਵਾਂ ਹੈ। ਇਸ ਵਕਤ ਲੱਗਭੱਗ 1,19,995 ਅਖ਼ਬਾਰ ਭਾਰਤੀ ਅਖ਼ਬਾਰਾਂ ਦੇ ਰਜਿਸਟਰਾਰ ਕੋਲ ਰਜਿਸਟਰ ਕੀਤੇ ਹੋਏ ਹਨ। ਇਨ੍ਹਾਂ ਅਖ਼ਬਾਰਾਂ ਵਿੱਚ ਇਸ਼ਤਿਹਾਰਬਾਜੀ 'ਪ੍ਰਿੰਟ ਮੀਡੀਆ ਐਡਵਰਟਾਈਜਮੇਂਟ ਪੋਲਿਸੀ 2020' ਤਹਿਤ ਦਿੱਤੀ ਜਾਂਦੀ ਹੈ। ਪਰ ਪਿਛਲੇ ਸਮੇਂ ਤੋਂ ਇਸਦੇ ਨਿਯਮਾਂ ਨੂੰ ਲਗਾਤਾਰ ਛਿੱਕੇ ਟੰਗਿਆ ਜਾ ਰਿਹਾ।

ਸਾਲ 2020-21 ਤੋਂ ਬਾਅਦ ਹੀ ਭਾਜਪਾ ਦੀ ਕੇਂਦਰ ਸਰਕਾਰ ਦੇ ਇਸ਼ਤਿਹਾਰਾਂ ਵਿੱਚ ਕਮੀ ਆਈ ਹੈ। ਇਸ ਸਮੇਂ ਦੌਰਾਨ ਸਰਕਾਰੀ ਸਕੀਮਾਂ ਦੀ ਇਸ਼ਤਿਹਾਰਬਾਜੀ ਦੇ ਖਰਚ ਨੂੰ ਲੈ ਕੇ ਕੇਂਦਰ ਸਰਕਾਰ ਦੀ ਬਹੁਤ ਵੱਡੇ ਪੱਧਰ 'ਤੇ ਅਲੋਚਨਾ ਹੋਈ। ਇਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ਼ਤਿਹਾਰਾਂ ਦਾ ਸਾਰਾ ਬੋਝ ਸੂਬਾ ਸਰਕਾਰਾਂ ਉੱਪਰ ਸੁੱਟ ਦਿੱਤਾ। ਇਸਦੀ ਇੱਕ ਉਦਾਹਰਨ ਮੱਧ ਪ੍ਰਦੇਸ਼ ਵਿੱਚ ਮੋਦੀ ਦੇ ਜਨਮਦਿਨ ਉਪਰ ਨਾਮੀਬੀਆ ਤੋਂ ਲਿਆਂਦੇ ਚੀਤੇ ਦੇ ਇਸ਼ਤਿਹਾਰਾਂ ਦੀ ਹੈ। ਮੱਧ ਪ੍ਰਦੇਸ਼ ਦੀ ਸਰਕਾਰ ਨੇ ਦਿੱਲੀ ਦੇ ਮੈਟਰੋ ਸਟੇਸ਼ਨਾਂ ਅਤੇ ਬੱਸ ਅੱਡਿਆਂ ਉੱਪਰ ਇਨ੍ਹਾਂ ਚੀਤਿਆਂ ਦੇ ਇਸ਼ਤਿਹਾਰਾਂ ਦਾ ਖਰਚਾ ਚੁੱਕਿਆ। ਅਖੌਤੀ ਕੋਵਿਡ ਮਹਾਂਮਾਰੀ ਦੇ ਸਮੇਂ ਦੌਰਾਨ ਵੀ 'ਧੰਨਵਾਦ ਮੋਦੀ' ਦੇ ਪੋਸਟਰਾਂ ਦਾ ਖਰਚਾ ਹਰਿਆਣਾ, ਉੱਤਰ ਪ੍ਰਦੇਸ, ਅਤੇ ਮੱਧ ਪ੍ਰਦੇਸ ਦੀ ਬੀਜੇਪੀ ਸਰਕਾਰ ਨੇ ਚੁੱਕਿਆ। ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਇਨਾਂ ਇਸ਼ਤਿਹਾਰਾਂ ਦਾ ਸਾਰਾ ਬੋਝ ਇਨਾ ਸੂਬੇ ਦੇ ਲੋਕਾਂ ਉੱਤੇ ਥੋਪਿਆ ਗਿਆ। ਇਸ ਸਮੇਂ ਯੂਨੀਅਨ ਸਰਕਾਰ ਲੱਗਭੱਗ 7082 ਅਖਬਾਰਾਂ ਅਤੇ 504 ਟੀਵੀ ਚੈਨਲਾਂ ਨੂੰ ਇਸ਼ਤਿਹਾਰ ਦਿੰਦੀ ਹੈ।

ਇਸ਼ਤਿਹਾਰਬਾਜੀ ਦੀ ਗੱਲ ਕਰਨੀ ਹੋਵੇ ਤਾਂ ਅਸੀ ਪੰਜਾਬ ਦੀ ਆਮ ਆਦਮੀ ਪਾਰਟੀ ਨੂੰ ਕਿਵੇਂ ਭੁੱਲ ਸਕਦੇ ਹਾਂ। ਬਦਲਾਅ ਦਾ ਵਾਦਾ ਕਰਕੇ ਆਈ ਇਸ ਸਰਕਾਰ ਨੇ ਹਰ ਤਰ੍ਹਾਂ ਦੀ ਫਜ਼ੂਲ ਖਰਚੀ ਦਾ ਡੱਟ ਕੇ ਵਿਰੋਧ ਕੀਤਾ ਸੀ। ਪਰ ਸੱਤਾ ਵਿੱਚ ਆਉਣ ਤੋ ਬਾਅਦ ਸਰਕਾਰ ਨੇ ਵੀ ਆਪਣਾ ਸਾਰਾ ਜੋਰ ਇਸ਼ਤਿਹਾਰਬਾਜੀ ਉੱਤੇ ਲਾਇਆ ਹੈ। ਪੰਜਾਬ ਸਰਕਾਰ ਦਾ ਇਸ਼ਤਿਹਾਰਾਂ ਦਾ ਕੁੱਲ ਬਜਟ 750 ਕਰੋੜ ਰੁਪਏ ਹੈ। ਇੱਕ ਰਿਪੋਰਟ ਮੁਤਾਬਕ ਇਹਨਾਂ ਦਾ 80 ਫੀਸਦੀ ਪੰਜਾਬ ਤੋਂ ਬਾਹਰ ਇਸਤੇਮਾਲ ਹੁੰਦਾ ਹੈ। ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਰੱਜ ਕੇ ਇਸਤਿਹਾਰਬਾਜੀ ਕੀਤੀ। ਗੁਜਰਾਤ ਚੋਣਾਂ 'ਤੇ ਲੱਗਭੱਗ 36 ਕਰੋੜ ਖਰਚ ਕੀਤਾ ਗਿਆ। ਇੱਕ 'ਸੂਚਨਾ ਦੇ ਅਧਿਕਾਰ' ਦੁਆਰਾ ਪਾਈ ਅਰਜੀ ਮੁਤਾਬਕ 10-03 2022 ਤੋ ਲੈ ਕੇ 10-05-2022 ਤੱਕ 16,52,80,641 ਰੁਪਏ ਖਰਚ ਕੀਤੇ। ਆਮ ਆਦਮੀ ਪਾਰਟੀ ਨੇ ਕਾਗਜ ਰਹਿਤ ਬਜਟ ਲਿਆ ਕੇ 21 ਲੱਖ ਰੁਪਏ ਬਚਾਉਣ ਦਾ ਦਾਅਵਾ ਕੀਤਾ ਸੀ। ਪਰ ਇਸ ਦੇ ਪ੍ਰਚਾਰ 'ਤੇ 42.7 ਲੱਖ ਰੁਪਏ ਖਰਚ ਕਰ ਦਿੱਤੇ। ਆਪਣੇ ਸੌਹ ਚੁੱਕ ਸਮਾਗਮ ਉੱਤੇ ਭਗਵੰਤ ਮਾਨ ਵੱਲੋਂ ਲੱਗਭੱਗ 3 ਕਰੋੜ ਰੁਪਏ ਖਰਚੇ ਗਏ। ਇੱਕ ਹੋਰ ਖ਼ਬਰ ਮੁਤਾਬਕ ਮੌਜੂਦਾ ਪੰਜਾਬ ਸਰਕਾਰ ਨੇ 19 ਕਰੋੜ ਰੁਪਏ ਦੇ 'ਸਿੱਖਿਆ ਕਰਜ' ਦੇ ਇਸ਼ਤਿਹਾਰ ਦਿੱਤੇ ਪਰ ਸਿਰਫ 2 ਵਿਦਿਆਰਥੀਆਂ ਨੂੰ ਹੀ 20 ਲੱਖ ਰੁਪਏ ਕਰਜੇ ਦੇ ਰੂਪ ਵਿੱਚ ਦਿੱਤੇ।

ਜਿਵੇਂ ਅਸੀਂ ਉੱਪਰ ਦੱਸਿਆ ਹੈ ਕਿ ਆਮ ਆਦਮੀ ਪਾਰਟੀ ਨੇ 80 ਫੀਸਦੀ ਇਸ਼ਤਿਹਾਰ ਪੰਜਾਬ ਦੇ ਬਾਹਰ ਦੇ ਅਖਬਾਰਾਂ ਵਿੱਚ ਦਿੱਤੇ ਹਨ। ਇਸ ਤੋ ਇਲਾਵਾ ਆਮ ਆਦਮੀ ਪਾਰਟੀ 53 ਟੀਵੀ ਚੈਨਲਾਂ ਨੂੰ ਇਸ਼ਤਿਹਾਰ ਦਿੰਦੀ ਹੈ। ਸਭ ਤੋ ਵੱਧ ਇਸ਼ਤਿਹਾਰ ਇਸ ਨੇ 'ਆਜ ਤੱਕ' ਚੈਨਲ ਨੂੰ ਦਿੱਤੇ ਹਨ। ਇਸ ਤੋ ਇਲਾਵਾ ਲਗਾਤਾਰ ਜਹਿਰ ਫੈਲਾਉਣ ਵਾਲ਼ੇ ਚੈਨਲ ਜਿਵੇਂ ਕਿ ਰਿਪਬਲਿਕ ਟੀਵੀ, ਰਿਪਬਲਿਕ ਟੀਵੀ ਭਾਰਤ ਅਤੇ ਜੀ ਗਰੁੱਪ ਨੂੰ ਵੀ ਇਸ਼ਤਿਹਾਰ ਦਿੱਤੇ ਜਾਂਦੇ ਹਨ। ਰ.ਸ.ਸ. ਨਾਲ਼ ਸਬੰਧਿਤ ਸੁਦਰਸ਼ਨ ਚੈਨਲ ਜਿਹੜਾ ਕਿ ਲਗਾਤਾਰ ਘੱਟ ਗਿਣਤੀਆਂ ਖਿਲਾਫ ਜਹਿਰ ਫੈਲਾਉਣ ਅਤੇ ਹਿੰਦੂਤਵਵਾਦੀ ਏਜੰਡੇ ਲਾਗੂ ਕਰਦਾ ਹੈ ਨੂੰ ਵੀ ਆਮ ਆਦਮੀ ਪਾਰਟੀ ਇਸ਼ਤਿਹਾਰ ਦਿੰਦੀ ਹੈ। ਇੰਨੇ ਵੱਡੇ ਪੱਧਰ 'ਤੇ ਇਸ਼ਤਿਹਾਰਬਾਜੀ ਉਦੋਂ ਹੋ ਰਹੀ ਹੈ ਜਦੋਂ ਪੰਜਾਬ ਸਿਰ ਕਰਜਾ ਇਸਦੇ ਕੁੱਲ ਘਰੇਲੂ ਅਨੁਪਾਤ ਦਾ ਲੱਗਭੱਗ 50 ਫੀਸਦੀ ਬਣ ਗਿਆ ਹੈ।

ਹੁਣ ਸਵਾਲ ਇਹ ਹੈ ਕਿ ਜੇਕਰ ਇਸ਼ਤਿਹਾਰਬਾਜੀ ਸਿਰਫ ਫਜ਼ੂਲ ਖਰਚੀ ਹੈ ਤਾਂ ਸਰਕਾਰਾਂ ਨੂੰ ਇਸ ਦਾ ਕੀ ਲਾਭ। ਇਸ ਦੇ ਹੱਕ ਵਿੱਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸਰਕਾਰ ਦੀਆਂ ਬਣਾਈਆਂ ਹੋਈਆਂ ਸਕੀਮਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਣੀ ਜਰੂਰੀ ਹੈ ਜਿਸ ਕਰਕੇ ਇਸ਼ਤਿਹਾਰ ਇਸ ਦਾ ਸਭ ਤੋ ਵਧੀਆ ਮਾਧਿਅਮ ਹਨ। ਪਰ ਅਸਲ ਵਿੱਚ ਇਹ ਕਿਸੇ ਵੀ ਸਿਆਸੀ ਪਾਰਟੀ ਦੁਆਰਾ ਇੱਕ 'ਲਗਾਤਾਰ ਦਿਖ ਬਣਾਉਣ' ਦੀ ਪ੍ਰਕਿਰਿਆ ਹੈ। ਇਸਦੇ ਨਾਲ਼ ਸਰਕਾਰਾਂ ਸਚਾਈ ਤੋ ਦੂਰ ਹਟਕੇ ਪਾਰਟੀ ਤੇ ਕਿਸੇ ਸ਼ਖਸੀਅਤ ਦੁਆਲੇ ਇਕ ਧਾਰਨਾ ਦੀ ਪੈਦਾਵਾਰ ਕਰਦੀਆਂ ਹਨ। ਸੋਸ਼ਲ ਮੀਡੀਆ, ਮੈਟਰੋ ਸਟੇਸ਼ਨਾਂ, ਬੱਸ ਅੱਡਿਆਂ 'ਤੇ ਲੱਗੇ ਬਿਲਬੋਰਡ ਆਦਿ ਇਸਦਾ ਮੁਜਾਹਰਾ ਕਰਦੇ ਹਨ। ਸਰਕਾਰ ਲੋਕਾਂ ਦੇ ਪੈਸੇ ਦੀ ਵਰਤੋਂ ਕਿਸੇ ਖਾਸ ਸ਼ਖਸੀਅਤ ਜਿਵੇਂ ਕਿ ਨਰਿੰਦਰ ਮੋਦੀ, ਭਗਵੰਤ ਮਾਨ ਅਤੇ ਕੇਜਰੀਵਾਲ ਦੀ ਦਿਖ ਬਣਾਉਣ ਉੱਤੇ ਉਜਾੜੇ ਜਾਂਦੇ ਹਨ। ਕਰੋੜਾਂ ਵੈਕਸੀਨ ਦੇ ਸਰਟੀਫਿਕੇਟ ਉੱਪਰ ਮੋਦੀ ਦੀ ਤਸਵੀਰ ਅਤੇ ਰਾਸ਼ਨ ਦੇ ਥੈਲਿਆਂ 'ਤੇ ਭਗਵੰਤ ਮਾਨ ਦੀ ਤਸਵੀਰ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਇਸ਼ਤਿਹਾਰ ਰਾਜਸੱਤਾ ਦੇ ਹੱਥ ਇਕ ਹਥਿਆਰ ਵਜੋਂ ਕੰਮ ਕਰਦਾ ਹੈ। ਜਦੋਂ ਕੋਈ ਸਰਕਾਰ ਆਪਣੇ ਲੋਕਾਂ ਦੀਆਂ ਉਮੀਦਾਂ ਤੇ ਖਰੀ ਨਹੀਂ ਉੱਤਰਦੀ ਤਾਂ ਉਹ ਇੱਕ ਭੁਲਾਵਾਂ ਖੜ੍ਹਾ ਕਰਦੀ ਹੈ। ਤੇ ਕੁਝ ਲੋਕ ਇਸ ਭੁਲਾਵੇਂ ਨੂੰ ਹੀ ਸੱਚ ਮੰਨ ਲੈਂਦੇ ਹਨ। ਲੋਕਪੱਖੀ ਤਾਕਤਾਂ ਦਾ ਇਹ ਫਰਜ ਬਣਦਾ ਹੈ ਕਿ ਇਸ ਧੁੰਦ ਨੂੰ ਹਟਾਉਣ ਤੇ ਜਮੀਨੀ ਹਕੀਕਤਾਂ ਲੋਕਾਂ ਸਾਹਮਣੇ ਲਿਆਉਣ। ਉਪਰੋਕਤ ਵਿਸੇ ਨੂੰ ਧਿਆਨ ਵਿੱਚ ਰੱਖਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਹੁਣ ਤੱਕ ਦੀਆਂ ਬਣਨ ਵਾਲੀਆਂ ਸਰਕਾਰਾਂ ਜਿਨ੍ਹਾਂ ਰਾਜ ਸੱਤਾ ਦਾ ਸੁੱਖ ਭੋਗਦਿਆਂ ਅਜਿਹੀਆਂ ਗਲਤੀਆਂ ਕਰਕੇ ਦੇਸ਼ ਸਮਾਜ ਨੂੰ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਹੈ ।ਇਹ ਸਭ ਪਬਲਿਕ ਹਿੱਤਾਂ ਦਾ ਸ਼ਰੇਆਮ ਘਾਣ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਕਾਰਵਾਈ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ । ਅਸੀ ਮਾਨਯੋਗ ਅਦਾਲਤਾਂ ਹਾਈਕੋਰਟ ਅਤੇ ਸੁਪਰੀਮ ਕੋਰਟ ਨੂੰ ਅਪੀਲ ਕਰਦੇ ਹਾਂ ਕਿ ਉਪਰੋਕਤ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਪਾਏ ਜਾਣ ਤੇ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਪਬਲਿਕ ਦਾ ਵਿਸ਼ਵਾਸ ਕਾਨੂੰਨ ਵਿਵਸਥਾ ਵਿੱਚ ਵੱਜ ਸਕੇ ਅਤੇ ਦੇਸ਼ ਵਾਸੀ ਚੰਗਾ ਜੀਵਨ ਜੀ ਸਕਣ ।

## ਅਖੀਰਲਾ ਭਾਗ-24

# ਜੈਲਦਾਰ ਸੂਬਾ ਸਿੰਘ...





ਸੰਦੀਪ ਦਿਉੜਾ
843755666

*ਆਪਾਂ ਪਾਲੋ ਦੇ ਪਿੰਡ ਪਹੁੰਚਣ ਤੋਂ ਪਹਿਲਾਂ ਹੀ ਪਹੁੰਚ ਜਾਵਾਂਗੇ ਤੇ ਬੇਬੇ ਨਾਲ ਸਾਰੀ ਗੱਲ ਕਰ ਲਵਾਂਗੇ। *

*ਆਹ ਗੱਲ ਤਾਂ ਤੇਰੀ ਠੀਕ ਹੈ। *

ਉਹ ਪਿੰਡ ਪਹੁੰਚ ਕਿ ਆਪਣੇ ਘਰ ਨਾ ਜਾਕੇ ਸਿੱਧੇ ਬੇਬੇ ਕੋਲ ਹੀ ਚਲੇ ਜਾਂਦੇ ਹਨ ਤੇ ਲੱਗ ਜਾਂਦੇ ਹਨ ਦੋਵੇਂ ਆਪਣਾ ਰੋਣਾ ਰੋਣ.........!

*ਵੇ ਮੂਰਖੋ...... ਵੇ ਮੂਰਖੋ ਇਹ ਸਭ ਕੁਝ ਤੁਹਾਡਾ ਹੀ ਹੈ। ਕਾਹਤੋ ਐਵੇਂ ਬੇਕਾਰ ਵਿੱਚ ਧੱਕੇ ਖਾਂਦੇ ਫਿਰਦੇ ਹੋ। ਕਾਹਤੋ ਨਾਲੇ ਆਪਣਾ ਤੇ ਨਾਲੇ ਸਾਡਾ ਜਲੂਸ ਕੱਢੀ ਜਾਂਦੇ ਹੋ।ਬੰਦੇ ਬਣ ਜਾਉ ਬੰਦੇ ਸਭ ਕੁਝ ਵਧੀਆ ਹੀ ਹੋਵੇਗਾ। *

*ਬੇਬੇ ਜਿਵੇਂ ਤੂੰ ਆਖੇਗੀ ਅਸੀ ਉਵੇਂ ਹੀ ਕਰਾਂਗੇ,ਤੂੰ ਇੱਕ ਵਾਰ ਆਖਦੇ ਕਿ ਤੂੰ ਸਾਨੂੰ ਮੁਆਫ਼ ਕਰ ਦਿੱਤਾ ਹੈ।*

*ਉਏ ਮੈਂ ਤੁਹਾਡੀ ਮਾਂ ਹਾਂ ਮਾਂ...... ਮਾਂ ਭਲਾ ਕਿੰਨਾ ਚਿਰ ਗੁੱਸੇ ਰਹਿ ਸਕਦੀ ਹੈ ਆਪਣੇ ਬੱਚਿਆਂ ਨਾਲ।ਮੈਂ ਤਾਂ ਤੁਹਾਨੂੰ ਪਹਿਲਾਂ ਹੀ ਮੁਆਫ਼ ਕਰ ਦਿੱਤਾ ਸੀ। *

*ਪੱਕਾ ਬੇਬੇ ਹੁਣ ਤੂੰ ਸਾਡੇ ਨਾਲ ਗੁੱਸੇ ਤਾਂ ਨਹੀਂ। *

*ਬਿਲਕੁਲ ਵੀ ਨਹੀ..... ਤੁਸੀ ਖੁਸ਼ ਰਹੋ।ਬਾਕੀ ਸਿਆਣੇ ਆਖਦੇ ਹਨ ਪੁੱਤ-ਕੁਪੁੱਤ ਹੋ ਜਾਂਦੇ ਹਨ ਪਰ ਮਾਵਾਂ ਕਦੇ ਕੁ-ਮਾਵਾਂ ਨਹੀਂ ਹੁੰਦੀਆਂ......ਹੁਣ ਤੁਸੀ ਜਾਉ ਤੇ ਅਰਾਮ ਕਰੋ।**

*ਸੱਚ ਨਾਲੇ ਬੇਬੇ ਪਾਲੋ ਬਾਪੂ ਦੀ ਬਰਸੀ ਮਨਾਉਣ ਦੀ ਗੱਲ ਕਰ ਰਹੀ ਸੀ। *

*ਗੱਲ ਤਾਂ ਉਹਨੇ ਮੇਰੇ ਨਾਲ ਵੀ ਕੀਤੀ ਸੀ।ਆਖ ਰਹੀਆਂ ਸਨ ਕਿ ਪਾਠ ਤਾਂ ਘਰੇ ਹੀ ਰੱਖ ਲਵਾਂਗੇ ਪਰ ਭੋਗ ਵੱਡੇ ਪੰਡਾਲ ਵਿੱਚ ਹੀ ਪਾਵਾਂਗੇ।*

*ਠੀਕ ਹੈ ਬੇਬੇ ਬਿਲਕੁਲ ਠੀਕ ਹੈ। ਨਾਲੇ ਆਪਣੇ ਕੋਲ ਕਿਹੜਾ ਕਿਸੇ ਚੀਜ਼ ਦੀ ਕੋਈ ਕਮੀ ਹੈ। ਨਾਲੇ ਬਾਪੂ ਦੇ ਨਾਂ ਤੇ ਲੰਗਰ ਲਗਾ ਦੇਵਾਂਗਾ....... ਇਸੇ ਬਹਾਨੇ ਬਾਪੂ ਦੇ ਨਾਂ ਤੇ ਦਾਨ ਪੁੰਨ ਵੀ ਹੋ ਜਾਵੇਗਾ.....ਵਧੀਆਂ ਹੈ ਬਹੁਤ ਵਧੀਆਂ ਹੈ।*

*ਚਾਹ ਪੀਣੀ ਹੈ ਤਾਂ ਆਖਾਂ ਸੁਮਿਤਰਾ ਨੂੰ ਕਰ ਲਵੇਗੀ।*

** ਨਹੀ ਬੇਬੇ ਹੁਣ ਅਸੀ ਚੱਲਦੇ ਹਾਂ ਕਾਰੀ ਸਮਾਂ ਹੋ ਗਿਆ..... ਬਾਕੀ ਜਦੋਂ ਕੁੜੀਆਂ ਆਈਆਂ ਸਲਾਹ ਕਰ ਲਵਾਂਗੇ। *ਆਖ ਉਹ ਦੋਵੇਂ ਚੱਲ ਪੈਂਦੇ ਹਨ। ਉਝ ਉਹਨਾਂ ਦਾ ਚਾਹ ਪੀਣ ਦਾ ਮਨ ਤਾਂ ਪਰ ਪਾਲੋ ਦੇ ਆਉਣ ਦਾ ਡਰ ਉਹਨਾਂ ਦੇ ਮਨ ਵਿੱਚ ਹੋਣ ਕਰਕੇ ਉਹ ਚੱਲ ਹੀ ਪੈਂਦੇ ਹਨ। ਬਰਸੀ ਵਾਲਾ ਦਿਨ ਵੀ ਆ ਜਾਂਦਾ ਹੈ।

ਬਰਸੀ ਵਾਲੇ ਦਿਨ ਜੈਲਦਾਰ ਦੇ ਭੋਗ ਵਾਲੇ ਦਿਨ ਤੋਂ ਵੀ ਵੱਧ ਇਕੱਠ ਹੋਇਆਂ ਸੀ।ਭੋਗ ਪੈਣ ਉਪਰੰਤ ਪਾਲੋ ਰਮਨ ਤੇ ਦੋਹਾਂ ਦੇ ਸਰਦਾਰ ਬਾਬੇ ਦੀ ਬੀੜ ਦੇ ਅੱਗੇ ਆ ਕੇ ਖੜ੍ਹ ਜਾਂਦੇ ਹਨ।ਉਹਨਾਂ ਨੇ ਆਪਣੇ ਕੋਲ ਦੋਵੇਂ ਮਾਮੇ, ਮਹਿੰਦਰ ਦੇ ਸਹੁਰੇ,ਮਹਿੰਦਰ , ਕਰਮਜੀਤ ਤੇ ਹੋਰ ਸਾਰੇ ਰਿਸ਼ਤੇਦਾਰ ਸੱਦ ਲਏ।

ਪਾਲੋ ਸਾਰੇ ਇਕੱਠ ਦੇ ਮੂਹਰੇ ਬੋਲੀ,*ਬਾਪੂ ਦੀ ਸਾਰੀ ਜਾਇਦਾਦ ਚਾਹੇ ਉਹ ਜਮੀਨ ਹੋਵੇ, ਨਗਦੀ ਹੋਵੇ, ਨਵੀਂ ਕੋਠੀ ਜਾਂ ਫਿਰ ਗਹਿਣੇ ਇਹਨਾਂ ਉੱਤੇ ਸਾਡਾ ਦੋਹਾਂ ਭੈਣਾਂ ਦਾ ਕੋਈ ਵੀ ਹੱਕ ਨਹੀਂ ਹੈ। ਬਾਕੀ ਰਹੀ ਗੱਲ ਖਰਚੇ ਦੀ ਜੋ ਅੱਜ ਤੱਕ ਹੋਇਆਂ ਹੈ। ਉਹ ਸਭ ਅਸੀ ਆਪਣੇ ਕੋਲੋਂ ਹੀ ਕੀਤਾ ਹੈ ਕਿਉਂਕਿ ਜੈਲਦਾਰ ਸਾਡਾ ਵੀ ਬਾਪੂ ਸੀ,ਉਹ ਇਕੱਲੇ ਮਹਿੰਦਰ ਦਾ ਬਾਪੂ ਹੀ ਨਹੀਂ ਸੀ।ਬਾਕੀ ਰਹੀ ਗੱਲ ਹਿੱਸੇ ਦੀ ਸਾਨੂੰ ਕਿਸੇ ਵੀ ਚੀਜ਼ ਵਿੱਚੋ ਕੋਈ ਵੀ ਹਿੱਸਾ ਨਹੀ ਚਾਹੀਦਾ। ਅਸੀ ਤਾਂ ਦੋਵੇ ਭੈਣਾਂ ਤਾਂ ਆਪਣੇ ਭਰਾ ਨੂੰ ਇੱਕ ਚੰਗਾ ਇਨਸਾਨ ਬਣਿਆ ਹੀ ਦੇਖਣਾ ਚਾਹੁੰਦੀਆਂ ਹਾਂ।ਹੁ5 ਬੇਬੇ ਦੀ ਮਰਜ਼ੀ ਹੈ ਉਹ ਭਾਵੇਂ ਸਭ ਕੁਝ ਆਪਣੇ ਕੋਲ ਰੱਖੇ ਜਾਂ ਫ਼ਿਰ ਮਹਿੰਦਰ ਨੂੰ ਦੇ ਦੇਵੇਂ।

ਹੁਣ ਅਸੀ ਦੋਵੇਂ ਹੀ ਭੈਣਾਂ ਇਸ ਅਮਾਨਤ ਤੋ ਫਾਰਗ ਹੋਣਾ ਚਾਹੁੰਦੀਆਂ ਹਾਂ। ਬਾਕੀ ਅਸੀਂ ਮਹਿੰਦਰ ਤੋ ਇਹ ਉਮੀਦ ਰੱਖਦੀਆਂ ਹਾਂ ਕਿ ਉਹ ਸਾਡੇ ਬਾਪੂ ਦਾ ਨਾਂ ਰੌਸ਼ਨ ਕਰੇਗਾ। ਕਰਮਜੀਤ ਸਾਡੀ ਬੇਬੇ ਦੀ ਆਪਣੀ ਮਾਂ ਵਾਂਗ ਹੀ ਸੇਵਾ ਕਰੇਗੀ ਤੇ ਕਦੇ ਵੀ ਸਾਡੀ ਬੇਬੇ ਨੂੰ ਦੁੱਖ ਨਹੀਂ ਦੇਵੇਗੀ।*

ਪਾਲੋ ਦੇ ਇੰਨੀ ਗੱਲ ਕਰਨ ਦੀ ਹੀ ਦੇਰ ਸੀ ਕਿ ਮਹਿੰਦਰ ਤੇ ਕਰਮਜੀਤ ਦੋਵੇਂ ਭੈਣਾਂ ਦੇ ਪੈਰੀ ਪੈ ਕੇ ਰੋਣ ਲੱਗ ਜਾਂਦੇ ਹਨ, *ਭੈਣ ਜੀ ਸਭ ਸਾਡੀ ਹੀ ਗਲਤੀ ਹੈ ਜੀ ਤੁਸੀ ਸਾਨੂੰ ਦੋਹਾਂ ਨੂੰ ਕੋਈ ਵੀ ਸਜ਼ਾ ਦਿਉ ।ਅਸੀ ਸੀ ਤੱਕ ਨਹੀਂ ਕਰਾਂਗੇ। *

ਦੋਨਾਂ ਭੈਣਾਂ ਨੇ ਭਰਾ ਤੇ ਭਰਜਾਈ ਨੂੰ ਮੁਆਫ਼ ਕਰ ਦਿੱਤਾ ਤੇ ਪੈਰਾਂ 'ਚੋ ਉੱਠਾ ਕੇ ਆਪਣੀ ਹਿੱਕ ਨਾਲ ਲਗਾ ਲਿਆ।

*ਬਸ ਮਹਿੰਦਰਾ ਬਸ..... ਤੂੰ ਸਾਡਾ ਛੋਟਾ ਭਰਾ ਹੀ ਨਹੀਂ ਤੂੰ ਸਾਡੇ ਬੱਚਿਆਂ ਵਰਗਾ ਹੈ।ਅਸੀ ਤੇਰੀਆਂ ਸਾਰੀਆਂ ਹੀ ਗੱਲਾਂ ਨੂੰ ਭੁਲਾ ਦਿੱਤਾ ਹੈ। *ਮਹਿੰਦਰ ਨੇ ਬਾਬੇ ਦੀ ਬੀੜ ਅੱਗੇ ਸਾਰੀ ਉਮਰ ਦਾਰੂ ਨਾ ਪੀਣ ਦੇ ਤੇ ਮਾੜੇ ਬੰਦਿਆਂ ਦੀ ਕਦੇ ਵੀ ਸੰਗਤ ਨਾ ਕਰਨ ਦੀ ਸਹੁੰ ਚੁੱਕੀ।

ਸਾਰੇ ਬੰਦੇ ਹੀ ਪਾਲੋ ਤੇ ਰਮਨ ਦੀ ਵਾਹ -ਵਾਹ ਕਰ ਰਹੇ ਸਨ।ਪੰਡਾਲ ਵਿੱਚ ਸ਼ਾਇਦ ਹੀ ਅਜਿਹੀ ਕੋਈ ਅੱਖ ਹੋਵੇਗੀ ਦਿਸ ਵਿੱਚ ਹੰਝੂ ਨਾ ਆਏ ਹੋਣ।ਅੰਤ ਵਿੱਚ ਸਾਰੇ ਹੀ ਪਰਿਵਾਰ ਨੇ ਆਈਆਂ ਸੰਗਤਾਂ ਨੂੰ ਲੰਗਰ ਛੱਕ ਕੇ ਜਾਣ ਦੇ ਲਈ ਬੇਨਤੀ ਕੀਤੀ।

----ਸਮਾਪਤ-----

ਮਹਿੰਦਰ ਦੇ ਮੂੰਹ ਵਿੱਚੋ ਪਾਲੋ ਦੇ ਸਾਹਮਣੇ ਕੁਝ ਵੀ ਕਹਿ ਨਹੀਂ ਹੋ ਰਿਹਾ ਸੀ।

*ਚੰਗਾ ਪਾਲੋ ਭੈਣ ਹੁਣ ਅਸੀਂ ਚੱਲਦੇ ਹਾਂ।*

*ਮਹਿੰਦਰ ਰੋਟੀ ਖਾਹ ਲਵੋ, ਰੋਟੀ ਦਾ ਟਾਈਮ ਹੈ। *

*ਨਹੀਂ ਭੈਣ ਨਿਆਣੇ ਘਰੇ ਇਕੱਲੇ ਹਨ..... ਅਸੀਂ ਵਾਪਸ ਹੀ ਚੱਲਦੇ ਹਾਂ। *

*ਯਾਰ ਐਵੇਂ ਕਾਹਤੋਂ ਕਾਹਲੀ ਕਰੀ ਜਾਂਦਾ ਹੈ, ਰੋਟੀ ਦਾ ਟਾਇਮ ਹੈ ,ਚੁੱਪਚਾਪ ਤੁਸੀ ਬੈਠੋ ਤੇ ਰੋਟੀ ਖਾਹ ਲਵੋ ਫ਼ੇਰ ਚਲੇ ਜਾਣਾ। * ਰਮਨ ਦਾ ਸਰਦਾਰ ਵੀ ਉਹਨਾਂ ਨੂੰ ਰੋਟੀ ਖਾਣ ਲਈ ਆਖਦਾ ਹੈ।

* ਨਹੀ ਸਰਦਾਰ ਜੀ ਫ਼ੇਰ ਕਦੇ ਸਹੀ ਹੁਣ ਤੁਸੀਂ ਸਾਨੂੰ ਵਾਪਸ ਹੀ ਜਾਣ ਦਿਉ। *

*ਚੰਗਾ ਮਹਿੰਦਰ ਸਿਆਂ ਜਿਵੇਂ ਤੁਹਾਡੀ ਮਰਜ਼ੀ, ਨਾਲੇ ਇੱਕ ਗੱਲ ਹੋਰ ਆਪਾਂ ਬਾਪੂ ਜੀ ਦੀ ਬਰਸੀ ਕਰਨੀ ਹੈ। ਤੁਹਾਨੂੰ ਅੱਜ ਹੀ ਦੱਸ ਦਿੱਤਾ ਹੈ।ਐਵੇਂ ਬਾਅਦ ਵਿੱਚ ਆਕੜ ਕੇ ਬਹਿ ਜਾਂਦੇ ਹੋ ਕਿ ਸਾਨੂੰ ਤਾਂ ਦੱਸਿਆ ਹੀ ਨਹੀਂ।ਕਰਮਜੀਤ ਤੂੰ ਵੀ ਆਪਣੇ ਪੇਕਿਆਂ ਨੂੰ ਸੱਦ ਲਈ ਤੇ ਮਹਿੰਦਰਾ ਤੂੰ ਵੀ ਜੇ ਆਪਣੇ ਕਿਸੇ ਖਾਸ ਨੂੰ ਸੱਦਣਾ ਹੋਵੇ ਤਾਂ ਸੱਦ ਲਈ। *

*ਠੀਕ ਹੈ ਪਾਲੋ ਭੈਣ ਜਿਵੇਂ ਕਹੋਗੇ ਉਵੇਂ ਹੀ ਕਰ ਲਵਾਂਗਾ............ਬਾਕੀ ਕਰਮਜੀਤ ਦੇ ਪੇਕਿਆਂ ਨੂੰ ਫੋਨ ਕਰ ਦੇਵਾਂਗਾ। ਬਾਕੀ ਜੇਕਰ ਕੋਈ ਕੰਮ ਹੋਇਆਂ ਤਾਂ ਤੁਸੀ ਮੈਨੂੰ ਪਿੰਡ ਹੀ ਦੱਸ ਦਿਉ। ਚਲੋ ਠੀਕ ਹੈ ਫੇਰ।ਸਤਿ ਸ੍ਰੀ ਅਕਾਲ। * ਦੋਨੋ ਵਾਪਸ ਚੱਲ ਪੈਂਦੇ ਹਨ।

*ਵੈਸੇ ਤਾਂ ਕਾਕੂ ਦੇ ਪਾਪਾ ਤੂੰ ਜਲਦੀ ਨਾਲ ਵਾਪਸ ਚੱਲ ਕੇ ਵਧੀਆਂ ਹੀ ਕੀਤਾ ਹੈ। *ਰਸਤੇ ਵਿੱਚ ਕਰਮਜੀਤ ਮਹਿੰਦਰ ਨੂੰ ਆਖਦੀ ਹੈ।

*ਭਲਾ ਉਹ ਕਿਵੇਂ......? *

# ਔਰਤ...!



ਹਰਪ੍ਰੀਤ ਕੌਰ ਸੰਧੂ

ਮੈਨੂੰ ਇਸ ਗੱਲ ਤੇ 100 ਫੀਸਦੀ ਯਕੀਨ ਹੈ ਕਿ ਇੱਕ ਔਰਤ ਨੂੰ ਜੋ ਸਹਾਰਾ ਤੇ ਮਦਦ ਦੂਸਰੀ ਔਰਤ ਦੇ ਸਕਦੀ ਹੈ ਉਸਦੇ ਤਵੱਕੋ ਕਿਸੇ ਪੁਰਸ਼ ਤੋਂ ਨਹੀਂ ਕੀਤੀ ਜਾ ਸਕਦੀ। ਔਰਤ ਦੀ ਜ਼ਿੰਦਗੀ ਵਿੱਚ ਦੂਜੀ ਔਰਤ ਮਾਂ ਹੋਵੇ, ਭੈਣ ਹੋਵੇ, ਸਹੇਲੀ ਹੋਵੇ, ਸੱਸ ਹੋਵੇ, ਨਣਾਣ ਹੋਵੇ, ਦਰਾਣੀ ਜਾਂ ਜਠਾਣੀ ਹੋਵੇ ਉਸ ਲਈ ਬਹੁਤ ਮਦਦਗਾਰ ਹੁੰਦੀ ਹੈ।

ਔਰ ਦੂਜੀ ਔਰਤ ਦੇ ਦਰਦ ਨੂੰ ਮਹਿਸੂਸ ਕਰ ਸਕਦੀ ਹੈ।ਉਸ ਦੀ ਪੀੜ ਨੂੰ ਸਮਝਦੀ ਹੈ। ਆਪਣੇ ਆਪ ਨੂੰ ਉਸ ਦੀ ਥਾਂ ਤੇ ਰੱਖ ਕੇ ਜਦੋਂ ਵੇਖਦੀ ਹੈ ਤਾਂ ਉਸਦਾ ਸਾਥ ਦੇਣ ਲਈ ਆਪ ਹੀ ਅੱਗੇ ਆਉਂਦੀ ਹੈ। ਔਰਤ ਦੀ ਮਜਬੂਤੀ ਪਿੱਛੇ ਮਾਂ ਦਾ ਹੱਥ ਹੁੰਦਾ ਹੈ। ਜੇ ਮਾਂ ਬਚਪਨ ਤੋਂ ਧੀ ਨੂੰ ਮਜਬੂਤੀ ਸਿਖਾਵੇ ਤਾਂ ਧੀ ਕਦੀ ਕਮਜ਼ੋਰ ਨਹੀਂ ਹੋ ਸਕਦੀ।

ਰਿਸ਼ਤਿਆਂ ਤੋ ਇਲਾਵਾ ਸਭ ਤੋਂ ਵੱਡਾ ਰੋਲ ਅਦਾ ਕਰਦੀਆਂ ਹਨ ਸਾਡੀਆਂ ਸਹੇਲੀਆਂ। ਜ਼ਿੰਦਗੀ ਦੇ ਇੱਕ ਦੌਰ ਵਿੱਚ ਸਹੇਲੀਆਂ ਦੀ ਅਹਿਮੀਅਤ ਬਹੁਤ ਵੱਧ ਜਾਂਦੀ ਹੈ।ਅਸੀਂ ਆਪਣੀ ਗੱਲ ਆਪਣੇ ਘਰਦਿਆਂ ਨਾਲ ਨਾ ਸਾਂਝੀ ਕਰਕੇ ਆਪਣੀਆਂ ਸਹੇਲੀਆਂ ਨਾਲ ਸਾਂਝੇ ਕਰਦੇ ਹਾਂ। ਜ਼ਿੰਦਗੀ ਵਿੱਚ ਆਪਣਾ ਮਕਸਦ ਲੱਭਣ ਵਿੱਚ ਇਸ ਸਹੇਲੀਆਂ ਸਾਡੀ ਬਹੁਤ ਮਦਦ ਕਰਦੀਆਂ ਹਨ। ਜਿਸ ਕੁੜੀ ਦੀਆਂ ਸਹੇਲੀਆਂ ਜ਼ਿੰਦਗੀ ਵਿੱਚ ਸਕਾਰਾਤਮਕ ਭੂਮਿਕਾ ਨਿਭਾ ਜਾਂਦੀਆਂ ਹਨ ਉਹ ਕੁੜੀ ਕਦੇ ਮਾਰ ਨਹੀਂ ਖਾਂਦੀ।

ਪਰ ਇਹ ਦੇਖਿਆ ਹੈ ਕਿ ਸਾਹਿਤ ਦੇ ਖੇਤਰ ਵਿੱਚ ਪਤਾ ਨਹੀਂ ਕਿਉਂ ਔਰਤ ਔਰਤ ਦੀ ਦੁਸ਼ਮਣ ਹੋ ਰਹੀ ਹੈ। ਕੁਝ ਕੁ ਹਨ ਜੋ ਇੱਕ ਦੂਜੇ ਦੀ ਮਦਦ ਕਰਦੀਆਂ ਹਨ। ਪਤਾ ਨਹੀਂ ਕਿਉਂ ਇੱਕ ਦੂਜੇ ਨੂੰ ਨੀਵਾਂ ਦਿਖਾ ਕੇ ਆਪ ਉੱਚਾ ਹੋਣ ਦੀ ਲਾਲਸਾ ਵੱਧ ਗਈ ਹੈ। ਉੱਚੇ ਹੋਣ ਲਈ ਸਾਨੂੰ ਕਿਸੇ ਦੇ ਮੋਢਿਆਂ ਤੇ ਖੜੇ ਹੋਣ ਦੀ ਲੋੜ ਨਹੀਂ ਹੁੰਦੀ।

ਇਸ ਮਰਦ ਪ੍ਰਧਾਨ ਸਮਾਜ ਵਿੱਚ ਜੇ ਔਰਤ ਆਪਣੀ ਕੋਈ ਥਾਂ ਬਣਾਉਣਾ ਚਾਹੁੰਦੀ ਹੈ ਤਾਂ ਉਸਨੂੰ ਆਪਣੇ ਨਾਲ ਦੀਆਂ ਔਰਤਾਂ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਇਸ ਸਬੰਧੀ ਅਰਵਿੰਦਰ ਕਾਕੜਾ ਜੀ ਹਮੇਸ਼ਾ ਹੀ ਬਹੁਤ ਖੂਬਸੂਰਤੀ ਨਾਲ ਗੱਲ ਕਰਦੇ ਹਨ। ਸਾਨੂੰ ਲੋੜ ਹੈ ਇੱਕ ਦੂਜੀ ਦਾ ਹੌਂਸਲਾ ਵਧਾਉਣ ਦੀ। ਹੋ ਕੀ ਰਿਹਾ ਹੈ ਕਿ ਇੱਕ ਔਰਤ ਦੂਜੀ ਔਰਤ ਨੂੰ ਨਿਖੇੜ ਰਹੀ ਹੈ ਬਾਕੀਆਂ ਨਾਲੋਂ। ਇਹ ਬਹੁਤ ਗਲਤ ਹੈ।

ਇਹ ਜ਼ਰੂਰੀ ਨਹੀਂ ਕਿ ਤੁਹਾਡੀ ਸਭ ਨਾਲ ਸਾਂਝ ਹੋਵੇ ਪਰ ਜਿਸ ਨਾਲ ਤੁਹਾਡੀ ਸਾਂਝ ਨਹੀਂ ਵੀ ਹੈ ਉਸਨੂੰ ਵੀ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰੋ। ਜੇ ਕੋਈ ਸਾਹਿਤ ਰਚ ਰਿਹਾ ਹੈ ਤਾਂ ਉਸ ਨੂੰ ਉਤਸਾਹਿਤ ਕਰੋ। ਸੌੜੀ ਸੋਚ ਤੇ ਸਾੜਾ ਸਾਹਿਤ ਵਿੱਚ ਨਹੀਂ ਹੋਣਾ ਚਾਹੀਦਾ। ਮੈਂ ਯਕੀਨ ਨਾਲ ਇਹ ਕਹਿ ਸਕਦੀ ਹਾਂ ਕਿ ਜਿੰਨਾ ਨੁਕਸਾਨ ਔਰਤਾਂ ਨੇ ਔਰਤਾਂ ਦਾ ਕੀਤਾ ਹੈ ਉਹਨਾ ਮਰਦ ਔਰਤਾਂ ਦਾ ਨੁਕਸਾਨ ਨਹੀਂ ਕਰਦੇ।ਕਿਉਂਕਿ ਜਦੋਂ ਵੀ ਕਦੀ ਮਰਦ ਔਰਤ ਦਾ ਨੁਕਸਾਨ ਕਰਦਾ ਹੈ ਤਾਂ ਉਸਦੀ ਸੱਜੀ ਬਾਂਹ ਇੱਕ ਔਰਤ ਹੀ ਬਣਦੀ ਹੈ।

ਜੇ ਕੋਈ ਔਰਤ ਸਮਾਜ ਤੋ ਹਟ ਕੇ ਵੱਖਰੀ ਲੀਕ ਤੇ ਕੰਮ ਕਰਦੀ ਹੈ ਤਾਂ ਉਸ ਨੂੰ ਭਰਵਾਂ ਹੁੰਗਾਰਾ ਦੇਣਾ ਬਣਦਾ ਹੈ। ਆਪਣੇ ਘਰ ਦੀਆਂ ਜਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਸਾਹਿਤ ਨੂੰ ਸਮਾਂ ਦੇਣਾ ਸਾਹਿਤ ਸਭਾਵਾਂ ਨੂੰ ਸਮਾਂ ਦੇਣਾ ਕੋਈ ਸੌਖਾ ਕੰਮ ਨਹੀਂ। ਬਹੁਤ ਘੱਟ ਔਰਤਾਂ ਹਨ ਜੋ ਇਹ ਕਰ ਸਕਦੀਆਂ ਹਨ। ਇੱਥੇ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਔਰਤਾਂ ਇੱਕ ਦੂਜੇ ਦਾ ਹੱਥ ਫੜ ਕੇ ਇੱਕ ਮਜ਼ਬੂਤ ਕੜੀ ਬਣਾਉਣ। ਇੰਨੀ ਮਜ਼ਬੂਤ ਕੜੀ ਜਿਸ ਨੂੰ ਕੋਈ ਤੋੜ ਨਾ ਸਕੇ।

ਔਰਤਾਂ ਨੂੰ ਸਿਰਫ ਇੱਕ ਗੱਲ ਯਾਦ ਕਰਾਉਣਾ ਚਾਹੁੰਦੀ ਹਾਂ ਕਿ ਜਦੋਂ ਤੁਸੀ ਬਿਮਾਰ ਹੁੰਦੇ ਹੋ ਜਾਂ ਜ਼ਿੰਦਗੀ ਦੇ ਕਿਸੇ ਔਖੇ ਬੰਧ ਚੋ ਰੰਗ ਰਹੇ ਹੁੰਦੇ ਹੋ ਤਾਂ ਤੁਹਾਡੇ ਜੀਵਨ ਵਿੱਚ ਮੌਜੂਦ ਔਰਤਾਂ ਹੀ ਤੁਹਾਡਾ ਸਾਥ ਦਿੰਦੀਆਂ ਹਨ। ਉਹੀ ਤੁਹਾਨੂੰ ਬਿਸਤਰ ਤੇ ਪਈਆਂ ਨੂੰ ਖਾਣਾ ਦਿੰਦੀਆਂ ਹਨ। ਨਿੱਕੀਆਂ ਨਿੱਕੀਆਂ ਗੱਲਾਂ ਤੋ ਆਪਸ ਦੇ ਫਾਸਲੇ ਇੰਨੇ ਨਾ ਵਧਾਓ ਕਿ ਦੂਰੀਆਂ ਮਿਟਾਉਣੀਆਂ ਔਖੀਆਂ ਹੋ ਜਾਣ।

ਜੇਕਰ ਕਿਸੇ ਇੱਕ ਤੇ ਭੀੜ ਬਣਦੀ ਹੈ ਤਾਂ ਮਜਬੂਤੀ ਦੇ ਨਾਲ ਉਸ ਦੇ ਨਾਲ ਖੜੇ ਰਹੋ। ਇਹ ਨਹੀਂ ਕਿ ਐਨ ਮੌਕੇ ਤੇ ਕਦਮ ਪਿੱਛੇ ਹਟਾ ਲਓ। ਯਾਦ ਰੱਖੋ ਇਤਿਹਾਸ ਭੱਜਣ ਵਾਲਿਆਂ ਨੂੰ ਕਦੇ ਮਾਫ ਨਹੀਂ ਕਰਦਾ। ਜਦੋਂ ਕੋਈ ਔਰਤ ਇਕੱਲੀ ਕਿਸੇ ਮੁਸੀਬਤ ਵਿੱਚ ਘਿਰਦੀ ਹੈ ਤਾਂ ਬਾਕੀ ਔਰਤਾਂ ਨੂੰ ਚਾਹੀਦਾ ਹੈ ਕਿ ਉਸ ਦਾ ਸਾਥ ਦੇਣ। ਤੁਹਾਡਾ ਇੱਕ ਹੁੰਗਾਰਾ ਉਸ ਲਈ ਇੱਕ ਆਸ ਬਣ ਜਾਂਦਾ ਹੈ।

ਦੋਸਤ ਸਹੇਲੀ ਇਹ ਸਿਰਫ ਸ਼ਬਦ ਨਹੀਂ ਹਨ। ਇਹ ਰਿਸ਼ਤੇ ਹਨ। ਇਹ ਕੜੀਆਂ ਹਨ ਜੋ ਸਾਨੂੰ ਆਪਸ ਵਿੱਚ ਜੋੜਦੀਆਂ ਹਨ। ਸੰਗਲ ਆਪਣੇ ਆਪ ਵਿੱਚ ਕੁਝ ਨਹੀਂ ਹੁੰਦਾ ਉਹ ਤਾਂ ਵੱਖ-ਵੱਖ ਕੜੀਆਂ ਨੂੰ ਜੁੜ ਕੇ ਬਣਦਾ ਹੈ ਤੇ ਇਹਨਾਂ ਮਜਬੂਤ ਬਣਦਾ ਹੈ ਕਿ ਪਾਗਲ ਹਾਥੀ ਨੂੰ ਵੀ ਬੰਨ ਲੈਂਦਾ ਹੈ। ਫਿਰ ਇਹ ਸਮਾਜ ਕੀ ਚੀਜ਼ ਹੈ ਜੇ ਔਰਤਾਂ ਆਪਸ ਵਿੱਚ ਜੁੜ ਕੇ ਇੱਕ ਸੰਗਲ ਬਣ ਜਾਣ।

ਅਸੀਂ ਸਾਰੀਆਂ ਕੁਰੀਤੀ ਪਾ ਆਂ ਸਾਰੀਆਂ ਮੁਸੀਬਤਾਂ ਤੋਂ ਛੁਟਕਾਰਾ ਸਕਦੇ ਹਾਂ ਬਸ਼ਰਤ ਹ ਕਿ ਅਸੀ ਇੱਕ ਦੂਜੇ ਦਾ ਸਾਥ ਦਈਏ। ਇੱਕ ਦੂਜੇ ਦੀ ਮੁਸ਼ਕਿਲ ਨੂੰ ਸਮਝੀਏ। ਇੱਕ ਦੂਜੇ ਦੀ ਗਲਤੀ ਤੇ ਉਸਨੂੰ ਬੈਠ ਕੇ ਸਮਝਾਈਏ। ਹਾਂ ਇੱਥੇ ਇਹ ਵੀ ਜ਼ਰੂਰੀ ਹੈ ਕਿ ਸਮਝਾਉਣ ਵਾਲੇ ਦੀ ਗੱਲ ਨੂੰ ਸਮਝਿਆ ਜਾਵੇ। ਇਹ ਨਹੀ ਕਿ ਉਸ ਨੂੰ ਗਲਤ ਤਰੀਕੇ ਨਾਲ ਲਿਆ ਜਾਵੇ। ਤੁਹਾਨੂੰ ਉਹੀ ਸਮਝਾਉਂਦਾ ਹੈ ਜੋ ਤੁਹਾਡਾ ਆਪਣਾ ਹੈ। ਲੋਕ ਤਾਂ ਹਮੇਸ਼ਾ ਹੀ ਤਮਾਸ਼ਾ ਦੇਖਦੇ ਹਨ।

ਆਓ ਆਪਾਂ ਸਾਰੀਆਂ ਮਿਲ ਕੇ ਇੱਕ ਮਜ਼ਬੂਤ ਕੜੀ ਬਣੀਏ ਤੇ ਆਪਣੀ ਤੇ ਆਪਣੇ ਨਾਲ ਦੀਆਂ ਸਹੇਲੀਆਂ ਦੀ ਸੁਰੱਖਿਆ ਕਰੀਏ। ਇੱਕ ਅਜਿਹਾ ਸਮਾਜ ਸਿਰਜੀਏ ਜਿਸ ਵਿੱਚ ਸਾਡੀਆਂ ਧੀਆਂ ਸੁਰੱਖਿਤ ਹੋਣ ਤੇ ਮਜ਼ਬੂਤ ਹੋਣ।



# ਆਸ ਦੀਆਂ ਕਿਰਨਾਂ ਅਤੇ ਸ਼ੰਕਿਆਂ ਵਿਚਾਲੇ ਕਿਸ ਪਾਸੇ ਜਾਂਦੀ ਪਈ ਹੈ ਲੋਕ ਸਭਾ ਦੀ ਚੋਣ ਮੁਹਿੰਮ !

ਇਸ ਤਰ੍ਹਾਂ ਦੇ ਮੌਕੇ ਇਨਸਾਨੀ ਜ਼ਿੰਦਗੀ ਵਿੱਚ ਵੀ ਤੇ ਸਮਾਜ ਸਾਹਮਣੇ ਵੀ ਬੜੇ ਘੱਟ ਆਇਆ ਕਰਦੇ ਹਨ, ਜਦੋਂ ਇੱਕੋ ਵੇਲੇ ਕੋਈ ਤੂਫਾਨ ਉੱਠਦਾ ਵੀ ਜਾਪਦਾ ਹੈ ਅਤੇ ਆਸ ਦੀ ਕੋਈ ਕਿਰਨ ਵੀ ਕਿਸੇ ਪਾਸਿਉਂ ਉੱਠਦੀ ਹੋਣ ਦਾ ਝਾਕਾ ਪੈਣ ਲਗਦਾ ਹੈ। ਭਾਰਤ ਦੇਸ਼ ਅਤੇ ਭਾਰਤੀ ਲੋਕ ਵੀ ਇਸ ਵੇਲੇ ਉਸ ਮੋੜ ਉੱਤੇ ਖੜ੍ਹੇ ਜਾਪਦੇ ਹਨ। ਪਾਰਲੀਮੈਂਟ ਦੀ ਇਸ ਵਾਰ ਦੀ ਚੋਣ ਜਿਸ ਪੜਾਅ ਉੱਤੇ ਪਹੁੰਚ ਚੁੱਕੀ ਹੈ, ਲੋਕਾਂ ਨੂੰ ਇੱਕੋ ਵਕਤ ਇਹ ਵੀ ਸੁਣਾਈ ਦਿੰਦਾ ਹੈ ਕਿ ਇਸ ਚੋਣ ਤੋਂ ਬਾਅਦ ਹੋਰ ਕੋਈ ਚੋਣ ਹੋਣ ਦੀ ਆਸ ਸ਼ਾਇਦ ਨਾ ਰਹੇ ਅਤੇ ਇਹ ਗੱਲ ਵੀ ਕਹੀ ਜਾਣ ਲੱਗ ਪਈ ਹੈ ਕਿ ਇਸ ਦੇਸ਼ ਦੇ ਲੋਕ ਆਪਣੀ ਕਿਸਮਤ ਅੱਗੇ ਇੰਦਾਂ ਦਾ ਸਵਾਲੀਆ ਨਿਸ਼ਾਨ ਕਦੇ ਨਹੀਂ ਲੱਗਣ ਦੇਣਗੇ। ਇੱਕੋ ਵਕਤ ਇਹ ਵੀ ਸੁਣਦਾ ਹੈ ਕਿ ਜਿੰਨੇ ਮਰਜ਼ੀ ਅੜਿੱਕੇ ਲੱਗਦੇ ਦਿਸਦੇ ਹੋਣ, 'ਅਬ ਕੀ ਬਾਰ, ਤੀਨ ਸੌ ਸੱਤਰ ਪਾਰ' ਦਾ ਨਾਅਰਾ ਲਾਉਣ ਪਿੱਛੋਂ 'ਅਬ ਕੀ ਬਾਰ, ਚਾਰ ਸੌ ਪਾਰ' ਸੀਟਾਂ ਨਾ ਵੀ ਕਰ ਸਕੀ ਤਾਂ ਭਾਜਪਾ ਸਾਢੇ ਤਿੰਨ ਸੌ ਸੀਟਾਂ ਜ਼ਰੂਰ ਲੈ ਜਾਵੇਗੀ ਅਤੇ ਫਿਰ ਉਹ ਮਨ-ਆਈਆਂ ਕਰੇਗੀ ਤੇ ਇਹ ਵੀ ਕਿ ਉਸ ਦੀ ਮੁਹਿੰਮ ਦੀ ਫੂਕ ਨਿਕਲਦੀ ਪਈ ਹੈ। ਆਮ ਲੋਕਾਂ ਦੇ ਮੂਡ ਦਾ ਹਾਲੇ ਵੀ ਕੋਈ ਪੱਕਾ ਪਤਾ ਨਹੀਂ ਲੱਗ ਰਿਹਾ, ਸਭ ਕਿਆਫੇ ਹਨ ਤੇ ਇਸ ਤਰ੍ਹਾਂ ਦੇ ਕਿਆਫਿਆਂ ਕਾਰਨ ਭਾਰਤ ਦੇ ਲੋਕਾਂ ਸਾਹਮਣੇ ਇੱਕੋ ਵਕਤ ਕਿਸੇ ਉੱਠਦੇ ਪਏ ਵੱਡੇ ਤੂਫਾਨ ਦਾ ਖੌਫ ਵੀ ਸਿਰ ਚੁੱਕਦਾ ਦਿਸਦਾ ਹੈ ਤੇ ਇਸ ਤੂਫਾਨ ਦਾ ਰਾਹ ਰੋਕਣ ਦੇ ਲਈ ਭਾਰਤ ਦੇ ਲੋਕਾਂ ਦੀ ਸੋਚ ਵਿੱਚ ਅਚਾਨਕ ਤਬਦੀਲੀ ਹੋਣ ਦੇ ਕੁਝ ਸੰਕੇਤ ਵੀ ਨੋਟ ਕੀਤੇ ਜਾਣ ਲੱਗੇ ਹਨ।



ਕਿਸੇ ਇੱਕ ਜਾਂ ਦੂਸਰੇ ਕਿਸਮ ਦੇ ਸੰਕੇਤਾਂ ਦੀ ਗੱਲ ਉੱਤੇ ਅਸੀਂ ਜ਼ੋਰ ਨਹੀਂ ਦੇਣਾ ਚਾਹੁੰਦੇ, ਸਗੋਂ ਹਾਲਾਤ ਦੇ ਉਸ ਵਹਿਣ ਦੀ ਗੱਲ ਕਰਨੀ ਠੀਕ ਸਮਝਦੇ ਹਾਂ, ਜਿਸ ਤੋਂ ਇਹ ਦੋਵੇਂ ਕਿਸਮਾਂ ਦੇ ਅਰਥ ਕੱਢੇ ਜਾ ਰਹੇ ਹਨ। ਪਹਿਲੀ ਗੱਲ ਇਹ ਕਿ ਇਸ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਲੀਡਰਸ਼ਿੱਪ ਜਾਂ ਸਟਾਰ ਪ੍ਰਚਾਰਕਾਂ ਵਿੱਚੋਂ ਮੋਦੀ ਦੇ ਨੇੜੇ ਸਮਝੇ ਜਾਣ ਵਾਲਿਆਂ ਦੀ ਬੋਲ-ਬਾਣੀ ਅਚਾਨਕ ਬਦਲਦੀ ਜਾਪਣ ਲੱਗੀ ਹੈ। ਉਨ੍ਹਾਂ ਨੇ ਆਪਣੇ ਰਾਜ ਵਿੱਚ ਕੀਤੇ ਗਏ ਵਿਕਾਸ ਦੇ ਦਾਅਵਿਆਂ ਦੀ ਚਰਚਾ ਸ਼ੁਰੂ ਕੀਤੀ ਤਾਂ ਇਸ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਇਸ ਨਾਲ ਸ਼ਾਇਦ ਉਨ੍ਹਾਂ ਨੂੰ ਇਹ ਸਮਝ ਪੈ ਗਈ ਹੋਵੇਗੀ ਕਿ ਵਾਜਪਾਈ-ਅਡਵਾਨੀ ਅਤੇ ਪ੍ਰਮੋਦ ਮਹਾਜਨ ਦੇ ਪ੍ਰਚਾਰ ਦੌਰ ਸਮੇਂ ਜੋ 'ਇੰਡੀਆ ਸ਼ਾਈਨਿੰਗ' (ਭਾਰਤ ਉਦੈ ਜਾਂ ਚਮਕਦਾ ਭਾਰਤ) ਤੇ ਉਸ ਨਾਅਰੇ ਦੇ ਨਾਲੋ-ਨਾਲ 'ਫੀਲ ਗੁੱਡ' (ਬੜਾ ਵਧੀਆ ਮਹਿਸੂਸ ਹੁੰਦਾ ਹੈ) ਵਾਲੇ ਨਾਅਰੇ ਨਹੀਂ ਸੀ ਚੱਲ ਸਕੇ ਤਾਂ ਵਿਕਾਸ ਦੇ ਇਹ ਨਾਅਰੇ ਵੀ ਨਹੀਂ ਚੱਲਣੇ। ਕਾਰਨ ਇਸਦਾ ਇਹੋ ਹੈ ਕਿ ਇਨ੍ਹਾਂ ਨਾਅਰਿਆਂ ਵਿੱਚ ਉਸ ਦੌਰ ਵਿੱਚ ਵੀ ਕਚਿਆਈ ਸੀ, ਓਨਾ ਕੰਮ ਕੀਤਾ ਨਹੀਂ ਸੀ, ਜਿੰਨਾ ਪ੍ਰਚਾਰਿਆ ਗਿਆ ਸੀ ਤੇ ਲੋਕ ਸਚਾਈ ਜਾਣਦੇ ਸਨ, ਇੰਦਾਂ ਹੀ ਵਿਕਾਸ ਦੇ ਅਜੋਕੇ ਦਾਅਵਿਆਂ ਦੀ ਕਚਿਆਈ ਵੀ ਭਾਰਤ ਦੇ ਲੋਕਾਂ ਤੋਂ ਲੁਕੀ ਨਹੀਂ ਅਤੇ ਉਹ ਇੰਦਾਂ ਦੇ ਪ੍ਰਚਾਰ ਦਾ ਹੁੰਗਾਰਾ ਨਹੀਂ ਭਰਦੇ ਜਾਪਦੇ। ਇੱਥੇ ਦਾਅਵਾ ਕੀਤਾ ਗਿਆ ਸੀ ਕਿ ਉਜਵਲਾ ਯੋਜਨਾ ਅਧੀਨ ਹਰ ਘਰ ਵਿੱਚ ਗੈਸ ਪੁਚਾ ਦਿੱਤੀ ਹੈ। ਫਿਰ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਸਿਖਰ ਉੱਤੇ ਪੁੱਜੇ ਨੌਜਵਾਨਾਂ ਵਿੱਚੋਂ ਇੱਕ ਜਣਾ ਇਹ ਕਹਿੰਦਾ ਸੁਣ ਗਿਆ ਕਿ ਉਸ ਦੀ ਮਾਂ ਅੱਜ ਤਕ ਵੀ ਚੁੱਲ੍ਹੇ ਵਿੱਚ ਫੂਕਾਂ ਮਾਰਦੀ ਹੈ। ਕੇਂਦਰ ਸਰਕਾਰ ਨੇ ਦਾਅਵਾ ਕੀਤਾ ਕਿ ਬੇਘਰਿਆਂ ਨੂੰ ਘਰ ਦੇ ਦਿੱਤੇ ਹਨ ਤੇ ਬੰਗਾਲ ਦੀ ਜਿਹੜੀ ਔਰਤ ਦੀ ਫੋਟੋ ਇਸ ਦਾਅਵੇ ਨਾਲ ਮੀਡੀਏ ਵਿੱਚ ਛਪਵਾਈ ਸੀ, ਧੋਬੀ ਘਾਟ ਉੱਤੇ ਲੋਕਾਂ ਦੇ ਕੱਪੜੇ ਧੋਣ ਵਾਲੀ ਉਹ ਬੀਬੀ ਕਹਿੰਦੀ ਸੁਣ ਗਈ ਕਿ ਉਸ ਦਾ ਪਰਿਵਾਰ ਇੱਕੋ ਕਮਰੇ ਦੇ ਪੁਰਾਣੇ ਘਰ ਵਿੱਚ ਰਹਿੰਦਾ ਹੈ, ਉਨ੍ਹਾਂ ਤਕ ਸਕੀਮ ਨਹੀਂ ਪੁੱਜੀ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਰਾਜ ਆਉਣ ਤਕ ਕਈ ਪਿੰਡਾਂ ਤਕ ਬਿਜਲੀ ਨਹੀਂ ਸੀ ਪਹੁੰਚੀ ਅਤੇ ਉਨ੍ਹਾਂ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉੱਥੇ ਬਿਜਲੀ ਪਹੁੰਚਾਉਣ ਦਾ ਹੁਕਮ ਦਿੱਤਾ ਹੈ। ਪਰ ਦੱਸੇ ਗਏ ਪਿੰਡ ਨੂੰ ਗਏ ਮੀਡੀਆ ਵਾਲਿਆਂ ਨੇ ਵਿਖਾ ਦਿੱਤਾ ਕਿ ਉਸ ਪਿੰਡ ਵਿੱਚ ਅਜੇ ਵੀ ਬਿਜਲੀ ਦੇ ਖੰਭੇ ਤਾਂ ਲਾਏ ਹਨ, ਉਨ੍ਹਾਂ ਉੱਤੇ ਤਾਰ ਕਿਸੇ ਨਹੀਂ ਪਾਈ। ਕੇਂਦਰ ਸਰਕਾਰ ਦੇ ਦਾਅਵਿਆਂ ਦੇ ਇਸ ਕੱਚੇਪਣ ਨਾਲ ਜਦੋਂ ਆਮ ਲੋਕ ਪਤਿਆਏ ਨਹੀਂ ਜਾ ਸਕੇ ਤਾਂ ਧਰਮ ਦਾ ਪੱਤਾ ਵਰਤਿਆ ਜਾਣ ਲੱਗਾ ਹੈ।

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਪਹਿਲਾਂ ਇਹ ਭਾਸ਼ਣ ਕੀਤੇ ਕਿ ਉਨ੍ਹਾਂ ਦੀ ਵਿਰੋਧੀ ਧਿਰ ਜੇ ਜਿੱਤ ਗਈ ਤਾਂ ਉਹ ਪੰਜ-ਪੰਜ ਬੱਚੇ ਪੈਦਾ ਕਰਨ ਵਾਲਿਆਂ ਨੂੰ ਹਰ ਕਿਸੇ ਗੱਲ ਵਿੱਚ ਪਹਿਲ ਦੇਵੇਗੀ ਤੇ ਦੂਸਰੇ ਲੋਕਾਂ ਦੀ ਜਾਇਦਾਦ ਝਪਟ ਕੇ ਇੰਦਾਂ ਦੇ ਲੋਕਾਂ ਨੂੰ ਵੰਡ ਦੇਵੇਗੀ। ਫਿਰ ਇਹ ਕਹਿ ਦਿੱਤਾ ਕਿ ਵਿਰੋਧੀ ਧਿਰ ਜਿੱਤੀ ਤਾਂ ਲੋਕਾਂ ਦੇ ਘਰਾਂ ਅੰਦਰ ਪਿਆ ਸੋਨਾ ਕਢਵਾ ਕੇ ਅੱਧਾ ਸਰਕਾਰੀ ਖਜ਼ਾਨੇ ਵਿੱਚ ਪਾ ਦੇਵੇਗੀ ਅਤੇ ਸਾਡੀਆਂ ਮਾਂਵਾਂ-ਭੈਣਾਂ ਦੇ ਮੰਗਲ-ਸੂਤਰ ਵੀ ਨਹੀਂ ਬਖਸ਼ੇਗੀ। ਏਦੂੰ ਹੋਰ ਅੱਗੇ ਵਧ ਕੇ ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਇਹ ਦਲਿਤਾਂ ਦੀ ਰਿਜ਼ਰਵੇਸ਼ਨ ਖੋਹ ਕੇ ਮੁਸਲਿਮ ਭਾਈਚਾਰੇ ਨੂੰ ਦੇ ਦੇਣਗੇ। ਇਸਦੇ ਬਾਅਦ ਉਨ੍ਹਾਂ ਨੇ ਜੋ ਕੁਝ ਕਿਹਾ, ਉਹ ਦੱਸਣਾ ਔਖਾ ਅਤੇ ਹੱਦਾਂ ਪਾਰ ਕਰਨ ਵਾਲਾ ਸੀ।

ਭਾਰਤ ਦੇ ਲੋਕਾਂ ਨੂੰ ਇਸ ਵਕਤ ਜੋ ਕੁਝ ਪਤਾ ਲੱਗਣਾ ਚਾਹੀਦਾ ਹੈ, ਉਹ ਉਨ੍ਹਾਂ ਨੂੰ ਪਤਾ ਨਹੀਂ ਲਗਦਾ, ਕਿਉਂਕਿ ਦੇਸ਼ ਦੇ ਕੌਮੀ ਪੱਧਰ ਦੇ ਲਗਭਗ ਸਾਰੇ ਮੀਡੀਆ ਚੈਨਲ ਓਨਾ ਹੀ ਦਿਖਾਉਂਦੇ ਹਨ, ਜਿੰਨਾ ਦਿਖਾਉਣ ਨੂੰ ਕਿਹਾ ਜਾਂਦਾ ਹੈ, ਉਸ ਤੋਂ ਵੱਧ ਕੁਝ ਦਿਖਾਉਣ ਦੀ ਉਹ ਕੋਸ਼ਿਸ਼ ਨਹੀਂ ਕਰਦੇ। ਇੰਦਾਂ ਕਰਨਾ ਉਨ੍ਹਾਂ ਲਈ ਮੁਸ਼ਕਲਾਂ ਪੈਦਾ ਕਰ ਸਕਦਾ ਹੈ, ਇਸ ਲਈ ਖਤਰੇ ਤੋਂ ਬਚਦੇ ਰਹਿੰਦੇ ਹਨ ਤੇ ਇਹ ਗੱਲ ਵੀ ਸਭ ਨੂੰ ਪਤਾ ਹੈ ਕਿ ਦੇਸ਼ ਦੇ ਬਹੁਤੇ ਕੌਮੀ ਮੀਡੀਆ ਚੈਨਲ ਦੋ ਵੱਡੇ ਮੀਡੀਆ ਘਰਾਣਿਆਂ ਨੇ ਖਰੀਦ ਲਏ ਹਨ ਅਤੇ ਦੋਵੇਂ ਵੱਡੇ ਘਰਾਣੇ ਇਸ ਵੇਲੇ ਦੀ ਸਰਕਾਰ ਦੇ ਨਾਲ ਹਨ। ਆਮ ਲੋਕਾਂ ਦਾ ਕੋਈ ਵਿਕਾਸ ਨਹੀਂ ਵੀ ਹੁੰਦਾ ਤਾਂ ਕੋਈ ਫਿਕਰ ਨਹੀਂ, ਉਨ੍ਹਾਂ ਦੋ ਵੱਡੇ ਘਰਾਣਿਆਂ ਲਈ ਹਰ ਸਰਕਾਰੀ ਵਿਭਾਗ ਤੇ ਹਰ ਅਧਿਕਾਰੀ ਹਰ ਵੇਲੇ ਹਾਜ਼ਰ ਹੁੰਦਾ ਹੈ। ਉਨ੍ਹਾਂ ਦੋਵਾਂ ਘਰਾਣਿਆਂ ਦੇ ਮਾਲਕ ਦੇਸ਼ ਦੇ ਲੋਕਾਂ ਦੀ ਸੇਵਾ ਲਈ ਸਮਾਜੀ ਸੰਸਥਾਵਾਂ ਚਲਾਉਣ ਵਾਸਤੇ ਨਹੀਂ ਸੀ ਆਏ, ਉਨ੍ਹਾਂ ਦਾ ਮੰਤਵ ਲਾਭ ਕਮਾਉਣਾ ਹੈ ਤੇ ਇਸ ਕੰਮ ਵਿੱਚ ਕੋਈ ਵੀ ਅੜਿੱਕਾ ਨਾ ਪੈਣ ਦੇਣ ਵਾਲੀ ਧਿਰ ਦੀ ਮਦਦ ਕਰਨਾ ਉਨ੍ਹਾਂ ਦੀ ਆਪਣੀ ਲੋੜ ਹੈ। ਰਹੀ ਗੱਲ ਇਸ ਵੇਲੇ ਸੰਸਾਰ ਪੱਧਰ ਉੱਤੇ ਦੇਸ਼ ਦੇ ਅਕਸ ਦੀ, ਉਹ ਅਕਸ ਭਾਰਤੀ ਲੋਕਾਂ ਨੂੰ ਪਤਾ ਬੇਸ਼ਕ ਨਾ ਹੋਵੇ, ਬਾਕੀ ਸੰਸਾਰ ਦੇ ਲੋਕਾਂ ਨੂੰ ਸਾਰਾ ਪਤਾ ਹੈ।

ਮਈ ਦੇ ਪਹਿਲੇ ਹਫਤੇ ਪ੍ਰੈੱਸ ਦੀ ਆਜ਼ਾਦੀ ਦਾ ਸੰਸਾਰ ਪੱਧਰੀ ਦਿਨ ਸੀ, ਉਸ ਦਿਨ ਦੁਨੀਆ ਦੇ ਦੇਸ਼ਾਂ ਦੀ ਪ੍ਰੈੱਸ ਦੀ ਆਜ਼ਾਦੀ ਦਾ ਪੱਧਰ ਅਤੇ ਬਾਕੀ ਦੇਸ਼ਾਂ ਮੁਕਾਬਲੇ ਇਸਦੀ ਰੈਂਕਿੰਗ ਪਤਾ ਲੱਗੀ ਹੈ। ਇੱਕ ਸੌ ਅੱਸੀ ਦੇਸ਼ਾਂ ਦੀ ਲਿਸਟ ਵਿੱਚ ਭਾਰਤ ਇੱਕ ਸੌ ਇਕਾਹਠ ਨੰਬਰ ਉੱਤੇ ਹੈ, ਪਰ ਪਾਕਿਸਤਾਨ ਵਰਗੇ ਦੇਸ਼ ਦਾ ਦਰਜਾ ਇੱਕ ਸੌ ਪੰਜਾਹ, ਅਰਥਾਤ ਭਾਰਤ ਤੋਂ ਗਿਆਰਾਂ ਨੰਬਰ ਉੱਤੇ ਦਿਸਦਾ ਹੈ। ਉਸ ਤੋਂ ਪਹਿਲਾਂ ਸੰਸਾਰ ਵਿੱਚ ਭੁੱਖ ਦੇ ਅੰਕੜਿਆਂ ਦੀ ਰਿਪੋਰਟ ਆਈ ਤਾਂ ਭੁੱਖ ਹੰਢਾ ਰਹੇ ਇੱਕ ਸੌ ਇੱਕੀ ਦੇਸ਼ਾਂ ਵਾਲੀ ਇਸ ਸੂਚੀ ਵਿੱਚ ਭਾਰਤ ਦਾ ਨਾਂਅ ਇੱਕ ਸੌ ਸੱਤ ਨੰਬਰ ਉੱਤੇ ਸੀ, ਜਦੋਂ ਕਿ ਆਰਥਿਕਤਾ ਦੀ ਜਿੱਲ੍ਹਣ ਵਿੱਚ ਫਸਿਆ ਹੋਣ ਦੇ ਬਾਵਜੂਦ ਪਾਕਿਸਤਾਨ ਦਾ ਨਾਂਅ ਭਾਰਤ ਤੋਂ ਪੰਜ ਪੁਆਇੰਟ ਉੱਤੇ ਇੱਕ ਸੌ ਦੋ ਉੱਤੇ ਦਰਜ ਸੀ। ਬਹੁਤ ਸਾਰੇ ਹੋਰ ਕੰਮਾਂ ਵਿੱਚ ਭਾਰਤ ਪਛੜੇ ਹੋਣ ਦਾ ਪ੍ਰਭਾਵ ਦਿੰਦਾ ਹੈ ਅਤੇ ਸੰਸਾਰ ਪੱਧਰ ਦੀਆਂ ਸੰਸਥਾਵਾਂ ਆਪਣੀ ਦਰਜਾਬੰਦੀ ਵਿੱਚ ਇਸਦਾ ਜ਼ਿਕਰ ਕਰਦੀਆਂ ਹਨ, ਪਰ ਅਸੀਂ ਇਸ ਬਾਰੇ ਹੋਰ ਕੁਝ ਇਸ ਕਰ ਕੇ ਨਹੀਂ ਕਹਿਣਾ ਚਾਹੁੰਦੇ ਕਿ ਇਨ੍ਹਾਂ ਸਭ ਦਰਜਾਬੰਦੀਆਂ ਨੂੰ ਭਾਰਤ ਦੀ ਸਰਕਾਰ ਦੇ ਮੰਤਰੀ ਕਦੇ ਮੰਨਦੇ ਹੀ ਨਹੀਂ, ਇਸਦਾ ਮਜ਼ਾਕ ਉਡਾਉਂਦੇ ਅਤੇ ਆਪਣੀ ਸਰਕਾਰ ਹੇਠ ਤਰੱਕੀ ਹੋਣ ਦੇ ਦਾਅਵੇ ਕਰਨ ਲੱਗੇ ਰਹਿੰਦੇ ਹਨ।

ਸਮਾਜ ਕਿੰਦਾਂ ਚੱਲਦਾ ਹੈ ਤੇ ਸਿਆਸਤ ਕਿੰਦਾਂ ਚਲਦੀ ਹੈ, ਉਸ ਦੇ ਦੋ ਪੱਖ ਲੋਕਾਂ ਸਾਹਮਣੇ ਆਉਂਦੇ ਪਏ ਹਨ। ਇੱਕ ਪੱਖ ਪੱਛਮੀ ਬੰਗਾਲ ਦੇ ਚੌਵੀ ਪਰਗਨਾ ਜ਼ਿਲ੍ਹੇ ਦੇ ਪਿੰਡ ਸੰਦੇਸ਼ਖਾਲੀ ਦਾ ਹੈ, ਜਿੱਥੇ ਸਿਆਸੀ ਸਰਪ੍ਰਸਤੀ ਵਾਲਾ ਇੱਕ ਗੁੰਡਾ ਆਮ ਲੋਕਾਂ ਵਿਰੁੱਧ ਹਰ ਕਿਸਮ ਦੀ ਗੁੰਡਾਗਰਦੀ ਕਰਦਾ ਰਿਹਾ ਅਤੇ ਦੁਖੀ ਹੋਏ ਲੋਕ ਉਸ ਵਿਰੁੱਧ ਬੋਲਣ ਦੀ ਜੁਰਅਤ ਨਹੀਂ ਸਨ ਕਰ ਸਕੇ। ਫਿਰ ਉਸ ਗੁੰਡਾਗਰਦੀ ਦਾ ਜਲੂਸ ਨਿਕਲਿਆ, ਉਸ ਦੀ ਗ੍ਰਿਫਤਾਰੀ ਹੋਈ ਤੇ ਉੱਥੋਂ ਵਾਲੀ ਸਰਕਾਰ ਚਲਾ ਰਹੀ ਤ੍ਰਿਣਮੂਲ ਕਾਂਗਰਸ ਦੇ ਅਕਸ ਦਾ ਮਾੜਾ ਪੱਖ ਵੀ ਲੋਕਾਂ ਸਾਹਮਣੇ ਆ ਗਿਆ। ਜਿੰਨੇ ਮਾੜੇ ਕੰਮ ਉੱਥੇ ਹੋਏ ਹਨ ਅਤੇ ਜਿੰਦਾਂ ਉਸ ਗੁੰਡੇ ਦੀ ਸਰਪ੍ਰਸਤੀ ਕੀਤੀ ਗਈ, ਉਸ ਬਾਰੇ ਕਿਸੇ ਤਰ੍ਹਾਂ ਦਾ ਲਿਹਾਜ਼ੂਪਣ ਕਿਸੇ ਨੂੰ ਨਹੀਂ ਵਿਖਾਉਣਾ ਚਾਹੀਦਾ। ਕੇਂਦਰ ਸਰਕਾਰ ਚਲਾਉਣ ਵਾਲਿਆਂ ਨੇ ਇਸ ਮੁੱਦੇ ਉੱਤੇ ਉਸ ਸਰਕਾਰ ਨੂੰ ਜਿੰਨੀ ਬੇਰਹਿਮੀ ਨਾਲ ਭੰਡਿਆ ਹੈ, ਉਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਦੂਸਰਾ ਪੱਖ ਹੈ ਕਿ ਉੱਤਰ ਪੂਰਬ ਦੇ ਰਾਜ ਮਨੀਪੁਰ ਵਿੱਚ ਪਿਛਲੇ ਸਾਲ ਜਿਹੜੀ ਹਿੰਸਾ ਹੋਈ ਤੇ ਉੱਥੇ ਕਮਜ਼ੋਰ ਧਿਰ ਦੀਆਂ ਔਰਤਾਂ ਨਾਲ ਜੋ ਕੁਝ ਵਾਪਰਿਆ, ਉਸ ਦੀ ਚਰਚਾ ਬੰਦ ਹੋ ਗਈ ਜਾਪਦੀ ਹੈ। ਪਹਿਲਾਂ ਜਦੋਂ ਉੱਥੇ ਹਿੰਸਾ ਹੋਈ ਤਾਂ ਦੋ ਮਹੀਨੇ ਉਸ ਦੀ ਖਬਰ ਵੀ ਬਾਕੀ ਭਾਰਤੀ ਰਾਜਾਂ ਦੇ ਲੋਕਾਂ ਨੂੰ ਨਹੀਂ ਸੀ ਮਿਲੀ, ਪਰ ਆਦੀਵਾਸੀ ਔਰਤਾਂ ਨੂੰ ਨੰਗੀ ਹਾਲਤ ਵਿੱਚ ਘੁਮਾਏ ਜਾਣ ਅਤੇ ਕੈਮਰਿਆਂ ਮੋਹਰੇ ਉਨ੍ਹਾਂ ਦੇ ਨੰਗੇ ਸਰੀਰਾਂ ਨਾਲ ਛੇੜ-ਛਾੜ ਦੀਆਂ ਵੀਡੀਓ ਜਦੋਂ ਵਾਇਰਲ ਹੋਈਆਂ ਤਾਂ ਸਰਕਾਰ ਨਾਲੋਂ ਪਹਿਲਾਂ ਦੇਸ਼ ਦੀ ਸੁਪਰੀਮ ਕੋਰਟ ਨੇ ਇਸਦਾ ਨੋਟਿਸ ਲਿਆ ਸੀ। ਇਸ ਮਗਰੋਂ ਕੇਂਦਰ ਸਰਕਾਰ ਦੇ ਮੁਖੀ ਦਾ ਇੱਕ ਬਿਆਨ ਆਇਆ, ਪਰ ਸਿਰਫ ਬਿਆਨ ਹੀ ਸੀ, ਖਾਸ ਕੁਝ ਕੀਤਾ ਨਹੀਂ ਗਿਆ ਤੇ ਜਬਰ ਦਾ ਸ਼ਿਕਾਰ ਭਾਈਚਾਰੇ ਦੇ ਲੋਕ ਅੱਜ ਤਕ ਕੈਂਪਾਂ ਵਿੱਚ ਬੈਠੇ ਨਰਕ ਦੀ ਜ਼ਿੰਦਗੀ ਭੁਗਤ ਰਹੇ ਹਨ। ਪਿਛਲੇ ਦਿਨੀਂ ਸੀ ਬੀ ਆਈ ਰਿਪੋਰਟ ਆਈ ਤਾਂ ਭੇਦ ਖੁੱਲ੍ਹਾ ਕਿ ਜਿਹੜੀਆਂ ਔਰਤਾਂ ਨਾਲ ਇਹ ਕੁਝ ਕੀਤਾ ਗਿਆ, ਉਹ ਪੁਲਿਸ ਕੋਲ ਸੁਰੱਖਿਆ ਮੰਗਣ ਗਈਆਂ ਸਨ ਅਤੇ ਅੱਗੋਂ ਪੁਲਿਸ ਵਾਲਿਆਂ ਹੀ ਉਨ੍ਹਾਂ ਵਿਚਾਰੀਆਂ ਨੂੰ ਦੋਸ਼ੀਆਂ ਦੇ ਹਵਾਲੇ ਕਰ ਦਿੱਤਾ ਸੀ। ਸਰਕਾਰ ਮਨੀਪੁਰ ਰਾਜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਪਣੀ ਪਾਰਟੀ ਦੀ ਹੈ, ਪਰ ਉਨ੍ਹਾਂ ਨੂੰ ਇਸ ਹਿੰਸਾ ਬਾਰੇ ਕੁਝ ਬੋਲਣ ਦੀ ਲੋੜ ਹੀ ਨਹੀਂ ਜਾਪਦੀ। ਇੰਦਾਂ ਦੇ ਹੋਰ ਕਈ ਮਾਮਲੇ 'ਤੇ ਮਿਸਾਲਾਂ ਵੀ ਮੌਜੂਦ ਹਨ, ਪਰ ਭਾਰਤ ਦਾ ਕੌਮੀ ਮੀਡੀਆ ਇਸ ਤਰ੍ਹਾਂ ਦੇ ਸਾਰੇ ਮੁੱਦਿਆਂ ਬਾਰੇ ਚੁੱਪ ਜਿਹਾ ਰਹਿ ਕੇ ਸੰਤੁਸ਼ਟ ਹੈ।



ਜਤਿੰਦਰ ਪਨੂੰ

ਜਦੋਂ ਦੇਸ਼ ਦਾ ਕੌਮੀ ਮੀਡੀਆ ਚੁੱਪ ਰਹਿ ਕੇ ਸੰਤੁਸ਼ਟ ਹੈ, ਕਿਉਂਕਿ ਉਹ ਹੁਕਮਾਂ ਦੀ ਇੱਕ ਲਛਮਣ-ਰੇਖਾ ਟੱਪਣ ਦੀ ਜੁਰਅਤ ਨਹੀਂ ਕਰ ਸਕਦਾ, ਆਮ ਲੋਕਾਂ ਨੂੰ ਉਦੋਂ ਵੀ ਸੂਚਨਾ ਤੋਂ ਵਾਂਝੇ ਨਹੀਂ ਰੱਖਿਆ ਜਾ ਸਕਦਾ। ਸੋਸ਼ਲ ਮੀਡੀਆ ਦਾ ਯੁਗ ਹੈ ਅਤੇ ਜਿਹੜੀ ਗੱਲ ਸਰਕਾਰਾਂ ਜਾਂ ਸਰਕਾਰਾਂ ਦੇ ਪੱਖ ਵਿੱਚ ਭੁਗਤਣ ਵਾਲਾ ਜਾਂ ਸਰਕਾਰ ਨਾਲ ਮਿਲੇ ਹੋਏ ਕੁਝ ਚੋਣਵੇਂ ਘਰਾਣਿਆਂ ਦੀ ਮਾਲਕੀ ਵਾਲਾ ਮੀਡੀਆ ਲੁਕਾਉਂਦਾ ਪਿਆ ਹੈ, ਉਹ ਸੱਚ ਸੋਸ਼ਲ ਮੀਡੀਆ ਆਮ ਲੋਕਾਂ ਨੂੰ ਨਾਲੋ-ਨਾਲ ਦੱਸੀ ਜਾ ਰਿਹਾ ਹੈ। ਇੱਕ ਦੌਰ ਇਹੋ ਜਿਹਾ ਆਇਆ ਸੀ, ਜਦੋਂ ਸਰਕਾਰੀ ਕੰਟਰੋਲ ਵਾਲੇ ਦੂਰਦਰਸ਼ਨ ਤੋਂ ਲੋਕਾਂ ਨੇ ਪਾਸਾ ਮੋੜਿਆ ਤੇ ਪ੍ਰਾਈਵੇਟ ਚੈਨਲਾਂ ਵੱਲ ਵੇਖਣ ਲੱਗੇ ਸਨ, ਕਿਉਂਕਿ ਇਹ ਚੈਨਲ ਇਹੋ ਜਿਹਾ ਕੁਝ ਵਿਖਾ ਸਕਦੇ ਸਨ, ਜਿਹੜਾ ਸਰਕਾਰੀ ਚੈਨਲ ਨਹੀਂ ਸੀ ਵਿਖਾਉਂਦੇ। ਅੱਜ ਓਦਾਂ ਦਾ ਇੱਕ ਹੋਰ ਪੜਾਅ ਆ ਗਿਆ ਜਾਪਦਾ ਹੈ, ਜਿਹੜਾ ਆਮ ਲੋਕਾਂ ਨੂੰ ਸਰਕਾਰੀ ਚੈਨਲਾਂ ਦੇ ਨਾਲ ਪ੍ਰਾਈਵੇਟ ਮੀਡੀਆ ਚੈਨਲਾਂ ਤੋਂ ਵੀ ਹਟਣ ਤੇ ਸੋਸ਼ਲ ਮੀਡੀਆ ਉੱਤੇ ਵੱਧ ਇਤਬਾਰ ਕਰਨ ਲਈ ਪ੍ਰੇਰਤ ਕਰਦਾ ਹੈ। ਸੋਸ਼ਲ ਮੀਡੀਆ ਵੀ ਸਾਰਾ ਇੱਕੋ ਜਿਹਾ ਨਹੀਂ, ਸਰਕਾਰਾਂ ਦੇ ਪੱਖ ਅਤੇ ਆਪਣੇ ਵਿਸ਼ੇਸ਼ ਹਿਤਾਂ ਨੂੰ ਅੱਗੇ ਰੱਖ ਕੇ ਚੱਲਣ ਵਾਲੇ ਬਹੁਤ ਸਾਰੇ ਲੋਕ ਵੀ ਇਸ ਵਿੱਚ ਸਰਗਰਮ ਹਨ, ਪਰ ਬਹੁਤਾ ਚਿਰ ਉਨ੍ਹਾਂ ਦੇ ਬਾਰੇ ਚਰਚਾ ਨਹੀਂ ਰਹਿੰਦੀ, ਹੌਲੀ-ਹੌਲੀ ਆਮ ਲੋਕ ਜਦੋਂ ਉਨ੍ਹਾਂ ਨੂੰ ਵੇਖਣ ਤੋਂ ਹਟਣ ਲੱਗਦੇ ਹਨ ਤਾਂ ਉਨ੍ਹਾਂ ਚੈਨਲਾਂ ਦੇ ਮਾਲਕ ਇੱਕ ਚੈਨਲ ਬੰਦ ਕਰ ਕੇ ਝਟਪਟ ਨਵੇਂ ਨਾਂਅ ਵਾਲਾ ਇੱਕ ਹੋਰ ਚੈਨਲ ਲੋਕਾਂ ਅੱਗੇ ਪਰੋਸ ਦਿੰਦੇ ਹਨ।

ਇੰਨੇ ਕੁਝ ਦੇ ਬਾਵਜੂਦ ਸਰਕਾਰ ਚਲਾ ਰਹੇ ਗਠਜੋੜ ਅਤੇ ਇਸਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਦੇ ਪੱਖ ਵਿੱਚ ਜਿਹੋ ਜਿਹੀ ਲਹਿਰ ਉਹ ਬਣਾਉਣਾ ਚਾਹੁੰਦੇ ਸਨ, ਉਹ ਬਣਦੀ ਨਹੀਂ ਜਾਪਦੀ। ਉਲਟਾ ਇਸ ਗਠਜੋੜ ਵਿਰੁੱਧ ਲੜਨ ਵਾਲੀ ਧਿਰ, ਆਪਣੀਆਂ ਸੌ ਕਮੀਆਂ ਤੇ ਆਪਸੀ ਖਹਿਬੜਾਂ ਦੇ ਬਾਵਜੂਦ ਆਪੋ-ਆਪਣੇ ਰਾਜਾਂ ਵਿੱਚ ਮੁਕਾਬਲੇ ਦੇ ਪੱਖੋਂ ਉਭਾਰ ਦੇ ਸੰਕੇਤ ਦੇਣ ਲੱਗੀ ਹੈ। ਆਮ ਲੋਕਾਂ ਵਿੱਚ ਪੈਂਦੇ ਇਸ ਪ੍ਰਭਾਵ ਮਗਰੋਂ ਰਾਜ ਕਰਦੇ ਗਠਜੋੜ ਦੇ ਅਗਵਾਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਟੀਮ ਦੇ ਹੋਰ ਲੀਡਰ ਇੱਕਦਮ ਫਿਰਕੂ ਪੱਤਾ ਇਤਿਹਾਸ ਦੇ ਕਿਸੇ ਵੀ ਹੋਰ ਦੌਰ ਤੋਂ ਵੱਧ ਉਕਸਾਊ ਢੰਗ ਨਾਲ ਵਰਤਦੇ ਦਿਸਣ ਲੱਗੇ ਹਨ। ਇਸ ਤਰ੍ਹਾਂ ਕਰਨ ਪਿੱਛੇ ਬਿਨਾਂ ਸ਼ੱਕ ਉਨ੍ਹਾਂ ਦਾ ਮਕਸਦ ਇੱਕ ਹੋਰ ਚੋਣ ਜਿੱਤ ਸਕਣਾ 'ਤੇ ਇੱਕ ਵਾਰੀ ਹੋਰ ਰਾਜ ਕਰਨ ਦਾ ਸੁਪਨਾ ਪੂਰਾ ਕਰਨਾ ਹੋਵੇ, ਪਰ ਇਸ ਨਾਲ ਉਹ ਇਸ ਦੇਸ਼ ਨੂੰ ਕਿਸੇ ਅੰਨ੍ਹੀ ਗਲੀ ਵਿੱਚ ਵੀ ਫਸਾ ਸਕਦੇ ਹਨ, ਜਿੱਥੋਂ ਨਿਕਲਣਾ ਫਿਰ ਸੌਖਾ ਨਹੀਂ ਰਹਿ ਜਾਣਾ।

## *ਵੇ.ਲਾ*

ਵੇ.ਲੇ ਨੂੰ, ਵੇ.ਲੇ ਸਿਰ ਜੇ ਨਾ ਸੰਭਾਲਿਆ।
ਪਿੱਛੋਂ ਨਾ ਫ਼ਾਇਦਾ,ਸਭ- ਕੁੱਝ ਜੇ ਲੁਟਾ ਲਿਆ।

ਗੱਲ ਉਦੋਂ ਬੜੀ ਹੀ ਗੰਭੀਰ ਹੋ ਜਾਂਦੀ ਹੈ।
ਜਦੋਂ ਕਿਤੇ ਅੱਤ ਦੀ ਅਖ਼ੀਰ ਹੋ ਜਾਂਦੀ ਹੈ।
ਉਹੀ ਹੈ ਸਿਆਣਾ,ਜੀਹਨੇ ਭੇਤ ਇਹ ਪਾ ਲਿਆ।
ਵੇ.ਲੇ ਨੂੰ ----

ਨਿੱਜ ਲਈ, ਹੋਰਾਂ ਨੂੰ ਤਬਾਹ ਨਹੀਂ ਕਰੀਦਾ।
ਵਕਤ ਦੀ ਮਾਰ ਕੋਲੋਂ,ਸੱਜਣਾ ਵੇ ਡਰੀਦਾ।
ਪਚਿਆ ਨਾ,ਜੀਹਨੇ ਵੀ ਪਰਾਇਆ ਹੱਕ ਖਾ ਲਿਆ।
ਵੇ.ਲੇ ਨੂੰ -----

ਵਕਤ ਦਾ ਪਹੀਆ, ਸਦਾ ਚਲਦਾ ਹੀ ਰਹਿੰਦਾ ਹੈ।
ਕੋਈ ਉੱਡੇ ਅੰਬਰੀਂ ਤੇ ਕੋਈ ਭੁੰਜੇ ਲਹਿੰਦਾ ਹੈ।
ਕਿਸੇ ਨੇ ਸਿੰਘਾਸਨਾਂ ਨੂੰ,ਭੈੜਾ ਜੱਫ਼ਾ ਪਾ ਲਿਆ।
ਵੇ.ਲੇ ਨੂੰ -----

ਸੁੱਤਿਆਂ ਨੂੰ ਹੁਣ ਤਾਂ,ਜਾਗਣਾ ਹੀ ਪਊਗਾ।
ਸਾਥ ਕਾਲ਼ੀ ਰਾਤ ਦਾ,ਤਿਆਗਣਾ ਹੀ ਪਊਗਾ।
ਮੌਕਾ ਇਹ ਆਖ਼ਰੀ, ਜੇ ਹੁਣ ਵੀ ਗੁਆ ਲਿਆ।
ਵੇ.ਲੇ ਨੂੰ ----

'ਕੱਲੀ- 'ਕੱਲੀ ਗੱਲ ਦਾ ਜਵਾਬ ਹੁਣ ਮੰਗਿਓ।
ਬੇਜ਼ਮੀਰੇ ਲਾਣੇ ਕੋਲੋਂ,ਹੁਣ ਨਾ ਵੇ ਸੰਗਿਓ।
*ਸਿਮਰ* ਲੁਟੇਰਿਆਂ ਨੇ ਲੁੱਟ- ਲੁੱਟ ਖਾ ਲਿਆ।
ਵੇ.ਲੇ ਨੂੰ ----

ਸਿਮਰਜੀਤ ਕੌਰ ਗਰੇਵਾਲ

## (ਸਫ਼ਰ)



ਮੈਂ ਅਧੂਰੇ ਗੀਤ ਦੀ ਇਕ ਸਤਰ ਹਾਂ
ਮੈਂ ਅਪੈਰੀ-ਪੈੜ ਦਾ ਇਕ ਸਫ਼ਰ ਹਾਂ
ਇਸ਼ਕ ਨੇ ਜੋ ਕੀਤੀਆਂ ਬਰਬਾਦੀਆਂ
ਮੈਂ ਉਹਨਾਂ ਬਰਬਾਦੀਆਂ ਦੀ ਸਿਖਰ ਹਾਂ
ਮੈਂ ਤੇਰੀ ਮਹਿਫਲ ਦਾ ਬੁਝਿਆ ਇਕ ਚਿਰਾਗ
ਮੈਂ ਤੇਰੇ ਹੋਠਾਂ 'ਚੋਂ ਕਿਰਿਆ ਜ਼ਿਕਰ ਹਾਂ
ਇਕ 'ਕੱਲੀ ਮੌਤ ਹੈ ਜਿਸ ਦਾ ਇਲਾਜ
ਚਾਰ ਦਿਨ ਦੀ ਜ਼ਿੰਦਗੀ ਦਾ ਫ਼ਿਕਰ ਹਾਂ
ਜਿਸ ਨੇ ਮੈਨੂੰ ਵੇਖ ਕੇ ਨਾ ਵੇਖਿਆ
ਮੈਂ ਉਹਦੇ ਨੈਣਾਂ ਦੀ ਗੁੰਗੀ ਨਜ਼ਰ ਹਾਂ
ਮੈਂ ਤਾਂ ਬਸ ਆਪਣਾ ਹੀ ਚਿਹਰਾ ਵੇਖਿਐ
ਮੈਂ ਵੀ ਇਸ ਦੁਨੀਆ 'ਚ ਕੈਸਾ ਬਸ਼ਰ ਹਾਂ
ਕੱਲ੍ਹ ਕਿਸੇ ਸੁਣਿਆ ਹੈ 'ਸ਼ਿਵ' ਨੂੰ ਕਹਿੰਦਿਆਂ
ਪੀੜ ਲਈ ਹੋਇਆ ਜਹਾਂ ਵਿਚ ਨਸ਼ਰ ਹਾਂ ।

"ਸ਼ਿਵ ਕੁਮਾਰ ਬਟਾਲਵੀ"

# ਰਿਟਾਇਰਡ ਅਫਸਰ ਤੇ ਚੋਣਾਂ ਲੜਨ ਲਈ ਟਿਕਟ



ਪਿੰਡ ਮੰਨਣ ਦੀ ਸੱਥ ਵਿੱਚ 2024 ਦੀਆਂ ਲੋਕ ਸਭਾ ਨੂੰ ਲੈ ਕੇ ਖੁੰਢ ਚਰਚਾ ਚੱਲ ਰਹੀ ਸੀ। ਕੋਈ ਕਿਸੇ ਪਾਰਟੀ ਨੂੰ ਮਾੜਾ ਕਹਿ ਰਿਹਾ ਸੀ ਤੇ ਕੋਈ ਕਿਸੇ ਨੂੰ ਚੰਗਾ। ਖੁੱਚਿਆਂ ਦੇ ਸੁੱਖੇ ਨੇ ਗੱਲ ਅਫਸਰਾਂ ਵੱਲ ਮੋੜ ਲਈ, "ਯਾਰ ਪਾਰਟੀਆਂ ਦੀ ਆਹ ਗੱਲ ਨਹੀਂ ਮੈਨੂੰ ਚੰਗੀ ਲੱਗਦੀ ਜਿਹੜਾ ਲਟੈਰ (ਰਿਟਾਇਰ) ਅਫਸਰਾਂ ਨੂੰ ਐਮ.ਪੀ., ਐਮ.ਐਲ.ਏ. ਦੀ ਟਿਕਟ ਦੇ ਦੇਂਦੀਆਂ ਨੇ। ਇਨ੍ਹਾਂ ਨੇ ਤਾਂ ਪਹਿਲਾਂ ਹੀ ਚੰਗਾ ਮੋਟਾ ਮਾਲ ਕਮਾਇਆ ਹੁੰਦਾ। ਟਿਕਟਾਂ ਗਰੀਬ ਗੁਰਬਿਆਂ ਨੂੰ ਦੇਣੀਆਂ ਚਾਹੀਦੀਆਂ ਨੇ ਤਾਂ ਜੋ ਉਨ੍ਹਾਂ ਵਿਚਾਰਿਆਂ ਦੀ ਵੀ ਸੱਤਾਂ ਪੀੜ੍ਹੀਆ ਦੀ ਖੁਸ਼ਕੀ ਚੁੱਕੀ ਜਾਵੇ।" ਸੁੱਖੇ ਦੀ ਗੱਲ ਸੁਣ ਕੇ ਕੁਝ ਬੰਦੇ ਹੱਸ ਪਏ ਤੇ ਕਈਆਂ ਨੇ ਸਹਿਮਤੀ ਵਿੱਚ ਸਿਰ ਹਿਲਾ ਦਿੱਤੇ। ਮਿੱਠਿਆਂ ਦਾ ਗੁਰਦੀਪ ਕਾਮਰੇਡ ਬੋਲਿਆ, "ਮੈਂ ਤੇ ਕਹਿੰਨਾ ਕਿ ਜਿਹੜਾ ਵੀ ਅਫਸਰ ਰਿਟਾਇਰ ਹੋਵੇ, ਉਸ ਨੂੰ ਚੋਣਾਂ ਦੀ ਟਿਕਟ ਜਰੂਰ ਮਿਲਣੀ ਚਾਹੀਦੀ ਆ।" ਕਾਮਰੇਡ ਦੀ ਗੱਲ ਸੁਣ ਕੇ ਸਾਰੀ ਦੀ ਸਾਰੀ ਖੁੰਢ ਪੰਚਾਇਤ ਨੂੰ 440 ਵੋਲਟ ਦਾ ਝਟਕਾ ਲੱਗਾ। ਸੁਮਿੱਤਰ ਸਗਲੀ ਹੱਸ ਕੇ ਬੋਲਿਆ, "ਕਾਮਰੇਡਾ, ਭੰਗ ਤਾਂ ਨਹੀਂ ਪੀ ਲਈ ਸਵੇਰੇ ਸਵੇਰ? ਤੂੰ ਤਾਂ ਸਰਮਾਏਦਾਰਾਂ ਤੇ ਭ੍ਰਿਸ਼ਟ ਅਫਸਰਾਂ ਨੂੰ ਪਾਣੀ ਪੀ ਪੀ ਕੇ ਕੋਸਦਾ ਹੁੰਦਾ ਸੀ। ਮਹੀਨੇ ਵਿੱਚੋਂ 20 ਦਿਨ ਤੂੰ ਤੇ ਤੇਰੀ ਯੂਨੀਅਨ ਥਾਣਿਆਂ, ਡੀ.ਸੀ., ਐਸ.ਐਸ.ਪੀ. ਤੇ ਬਿਜਲੀ ਮਹਿਕਮੇ ਦੇ ਦਫਤਰਾਂ ਦਾ ਘਿਰਾਉ ਕਰ ਕੇ ਬੈਠੇ ਰਹਿੰਦੇ ਸੀ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਅੱਜ ਬੜਾ ਹੇਜ ਜਾਗਿਆ ਅਫਸਰਾਂ ਪ੍ਰਤੀ? ਕਿਤੇ ਦਲ ਬਦਲੂ ਨੇਤਾਵਾਂ ਵਾਂਗ ਤੇਰੀ ਤਾਂ ਨਹੀਂ ਆਤਮਾ ਜਾਗ ਪਈ?" "ਅਜਿਹੀ ਕੋਈ ਗੱਲ ਨਹੀਂ। ਅਸਲ ਵਿੱਚ ਅਫਸਰਾਂ ਨੇ ਰਿਸ਼ਵਤਖੋਰੀ ਨਾਲ ਰੱਜ ਕੇ ਮਾਇਆ ਮੋਹਣੀ ਕਮਾਈ ਹੁੰਦੀ ਹੈ। ਜਦੋਂ ਟਿਕਟ ਮਿਲ ਜਾਂਦੀ ਹੈ ਤਾਂ ਇਹ ਕਰੋੜਾਂ ਰੁਪਏ ਵੋਟਾਂ ਖਰੀਦਣ ਲਈ ਖਰਚ ਕਰ ਦਿੰਦੇ ਹਨ। ਇਸ ਤਰਾਂ ਖੂਹ ਦੀ ਮਿੱਟੀ ਖੂਹ ਨੂੰ ਲੱਗ ਜਾਂਦੀ ਹੈ ਤੇ ਜਨਤਾ ਦਾ ਪੈਸਾ ਜਨਤਾ ਨੂੰ ਵਾਪਸ ਮਿਲ ਜਾਂਦਾ ਹੈ," ਹੱਸਦੇ ਹੋਏ ਕਾਮਰੇਡ ਨੇ ਭੇਤ ਖੋਲ੍ਹਿਆ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)
ਪੰਡੋਰੀ ਸਿੱਧਵਾਂ 9501100062

# ਨਹਿਲੇ 'ਤੇ ਦਹਿਲਾ

ਕਈ ਬੰਦਿਆਂ ਨੂੰ ਨਹਿਲੇ 'ਤੇ ਦਹਿਲਾ ਮਾਰਨ ਦਾ ਬਹੁਤ ਢੱਬ ਹੁੰਦਾ ਹੈ। ਗੱਲ ਕਰਦੇ ਸਮੇਂ ਮੂੰਹ ਵੀ ਐਨਾ ਮਸਕੀਨ ਬਣਾਉਂਦੇ ਹਨ ਹੈ ਕਿ ਅਗਲਾ ਯਕੀਨ ਵੀ ਕਰ ਲੈਂਦਾ ਹੈ। ਸਾਡੇ ਗੁਆਂਢੀ ਪਿੰਡ ਦਾ ਵਾਸੀ ਸਵਰਨ ਸਿੰਘ ਉਰਫ ਸਵਰਨਾ ਕਾਣਾ ਅਜਿਹਾ ਹੀ ਆਦਮੀ ਸੀ, ਬੜੀ ਵੱਖੀਉਂ ਗੱਲ ਕੱਢਦਾ ਹੁੰਦਾ ਸੀ। 1970 – 71 ਦੌਰਾਨ ਲੋਕ ਜਿਆਦਾਤਰ ਸਫਰ ਤਾਂਗਿਆਂ 'ਤੇ ਹੀ ਕਰਦੇ ਹੁੰਦੇ ਸਨ। ਇੱਕ ਦਿਨ ਸਵਰਨਾ ਬੱਸ ਅੱਡੇ ਤੋਂ ਕਿਸੇ ਕੰਮ ਕਚਹਿਰੀ ਜਾ ਰਿਹਾ ਸੀ ਤੇ ਤਾਂਗੇ ਵਿੱਚ ਪੱਟੀ ਵੱਲ ਦੇ ਕੁਝ ਬਦਮਾਸ਼ ਵੀ ਬੈਠੇ ਸਨ। ਉਹ 'ਫੀਮ ਦੇ ਨਸ਼ੇ ਨਾਲ ਖਿੜੇ ਹੋਏ ਆਪਣੇ ਲੜਾਈ ਝਗੜਿਆਂ, ਕਤਲਾਂ, ਬਾਰਡਰ ਤੋਂ ਮਾਲ ਟਪਾਉਣ ਅਤੇ ਜ਼ਮੀਨਾਂ ਦੱਬਣ ਆਦਿ ਦੇ ਕਾਰਨਾਮਿਆਂ ਬਾਰੇ ਫੜ੍ਹਾਂ ਮਾਰ ਰਹੇ ਸਨ। ਪਹਿਲਾਂ ਤਾਂ ਸਵਰਨਾ ਸੁਣਦਾ ਰਿਹਾ ਪਰ ਫਿਰ ਉਸ ਤੋਂ ਰਿਹਾ ਨਾ ਗਿਆ ਤੇ ਉਸ ਨੇ ਭੋਲਾ ਜਿਹਾ ਬਣ ਕੇ ਪੁੱਛਿਆ, "ਭਾਊ ਜੀ, ਇਹ ਗੋਲੀ ਮਾਰਨ ਨਾਲ ਬੰਦਾ ਮਰ ਜਾਂਦਾ ਆ?" ਹਜ਼ਾਰੇ ਬਲੈਕੀਏ ਨੇ ਜਵਾਬ ਦਿੱਤਾ, "ਹੋਰ ਭੰਗੜੇ ਪਾਉਂਦਾ ਆ? ਇੱਕ ਟਿਕਾਣੇ ਵੱਜੀ ਨਹੀਂ ਕਿ ਬੰਦਾ ਅਗਲੇ ਜਹਾਨ ਪਹੁੰਚ ਜਾਂਦਾ ਆ।" ਸਵਰਨੇ ਨੇ ਦਰਦ ਕਹਾਣੀ ਦੱਸੀ, "ਪਰ ਮੈਂ ਤਾਂ ਇੱਕ ਬੰਦੇ ਦੇ ਤਿੰਨ ਚਾਰ ਗੋਲੀਆਂ ਮਾਰੀਆਂ ਸਨ। ਉਸ ਨੂੰ ਕੁਝ ਨਾ ਹੋਇਆ, ਉਲਟਾ ਮੈਨੂੰ ਢਾਹ ਕੇ ਤਸੱਲੀ ਨਾਲ ਛਿਤਰੌਲ ਕੀਤੀ।"




ਸੁਣ ਕੇ ਇੱਕ ਬਦਮਾਸ਼ ਨੇ ਹੈਰਾਨੀ ਨਾਲ ਪੁੱਛਿਆ, "ਦੋਨਾਲੀ (12 ਬੋਰ ਦੀ ਬੰਦੂਕ) ਨਾਲ ਮਾਰੀਆਂ ਸਨ ਕਿ ਪੱਕੀ (315 ਬੋਰ ਰਾਈਫਲ) ਨਾਲ?" ਸਵਰਨੇ ਨੇ ਮਸਕੀਨ ਜਿਹਾ ਬਣ ਕੇ ਗੱਲ ਮੁਕਾਈ, "ਨਈਂ ਜੀ, ਮੈਂ ਤਾਂ ਵਗ੍ਹਾਤੀਆਂ ਈ ਮਾਰੀਆਂ ਸੀ ਹੱਥ ਨਾਲ, ਸਾਲਾ ਮਰਿਆ ਈ ਨਈਂ।" ਸੁਣ ਕੇ ਬਦਮਾਸ਼ ਹੈਰਾਨੀ ਨਾਲ ਇੱਕ ਦੂਸਰੇ ਦਾ ਮੂੰਹ ਵੇਖਣ ਲੱਗ ਪਏ ਕਿ ਇਹ ਬੰਦਾ ਸੱਚੀਂ ਐਨਾ ਕੂੜ ਦਿਮਾਗ ਹੈ ਕਿ ਸਾਨੂੰ ਬੇਵਕੂਫ ਬਣਾ ਰਿਹਾ ਹੈ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ.

# ਟਰੂਡੋ ਲਈ ਮੁਸੀਬਤ ਬਣੇ ਪਰਵਾਸੀ !

ਕੈਨੇਡਾ ਦੇ ਬਹੁਪੱਖੀ ਵਿਕਾਸ ਲਈ ਪਰਵਾਸੀਆਂ ਨੇ ਭਰਪੂਰ ਯੋਗਦਾਨ ਪਾਇਆ ਹੈ। ਇਸੇ ਲਈ ਕੈਨੇਡਾ ਸਰਕਾਰ ਨੇ ਪਰਵਾਸੀਆਂ ਨੂੰ ਦਿਲ ਖੋਲ੍ਹ ਕੇ ਵੀਜ਼ੇ ਦਿੱਤੇ ਸਨ। ਪਿਛਲੇ ਕੁਝ ਸਾਲਾਂ ਵਿੱਚ ਕਈ ਗ਼ੈਰ-ਸਮਾਜੀ ਪਰਵਾਸੀਆਂ ਨੇ ਗ਼ਲਤ ਕਾਰਵਾਈਆਂ ਕਰ ਕੇ ਇਸ ਦੇਸ਼ ਦਾ ਨਾਂ ਬਦਨਾਮ ਕੀਤਾ ਹੈ। ਕੋਈ ਵੀ ਸਰਕਾਰ ਆਪਣੇ ਦੇਸ਼ ਵਿੱਚ ਆਉਣ ਲਈ ਇਸ ਲਈ ਵੀਜ਼ੇ ਨਹੀਂ ਦਿੰਦੀ ਕਿ ਪਰਵਾਸੀ ਆ ਕੇ ਗੋਲ਼ੀਬਾਰੀ, ਚੋਰੀਆਂ-ਡਕੈਤੀਆਂ, ਡਰੱਗ ਸਮਗਲਿੰਗ ਕਰਨ ਜਾਂ ਪਲਾਜ਼ਿਆਂ ਅਤੇ ਸੜਕਾਂ ਉੱਤੇ ਕਿਰਪਾਨਾਂ ਜਾਂ ਹੋਰ ਹਥਿਆਰਾਂ ਨਾਲ ਲੜਾਈ-ਝਗੜੇ ਕਰ ਕੇ ਇਸ ਦੇਸ਼ ਅਤੇ ਸਰਕਾਰ ਦਾ ਨਾਂ ਮਿੱਟੀ ਵਿੱਚ ਮਿਲਾਉਣ।

ਅੱਜ-ਕੱਲ੍ਹ ਅਜਿਹੇ ਹਾਲਾਤ ਹੀ ਕੈਨੇਡਾ ਦੇ ਬਣੇ ਹੋਏ ਹਨ, ਜਿੱਥੇ ਲੋਕ ਸਰਕਾਰ ਨੂੰ ਦੋਸ਼ ਦੇ ਰਹੇ ਹਨ ਕਿ ਟਰੂਡੋ ਨੇ ਇੰਮੀਗਰੈਂਟਾਂ ਲਈ ਦਰਵਾਜ਼ੇ ਖੋਲ੍ਹੇ, ਜਿਨ੍ਹਾਂ ਨੇ ਇੱਥੇ ਆ ਕੇ ਇੱਥੋਂ ਦਾ ਮਾਹੌਲ ਖਰਾਬ ਕਰ ਦਿੱਤਾ। ਪਰ ਸਵਾਲ ਉੱਠਦਾ ਹੈ ਕਿ ਕੀ ਟਰੂਡੋ ਨੇ ਇਨ੍ਹਾਂ ਲੋਕਾਂ ਨੂੰ ਵੀਜ਼ੇ ਇਸ ਲਈ ਦਿੱਤੇ ਸਨ ਕਿ ਆਓ ਤੇ ਕੈਨੇਡਾ ਵਿੱਚ ਕਾਰਾਂ ਚੋਰੀ ਕਰੋ, ਡਰੱਗਜ਼ ਦੇ ਧੰਦੇ ਕਰੋ, ਸੋਨੇ ਦੀ ਚੋਰੀ ਕਰੋ, ਮਾਰ-ਕੁਟਾਈ ਕਰੋ ਤੇ ਮੇਰਾ ਅਤੇ ਲਿਬਰਲ ਪਾਰਟੀ ਦਾ ਨਾਂ ਮਿੱਟੀ ਵਿੱਚ ਮਿਲਾ ਦਿਉ। ਹਰਗਿਜ਼ ਨਹੀਂ।

ਭਾਰਤੀ ਪਰਵਾਸੀ ਕੈਨੇਡਾ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਦਾ ਮਹੱਤਵਪੂਰਨ ਹਿੱਸਾ ਹਨ। ਭਾਰਤ ਤੋਂ ਕੈਨੇਡਾ ਲਈ ਪਰਵਾਸ ਦਾ ਲੰਬਾ ਇਤਿਹਾਸ ਹੈ। ਭਾਰਤੀ ਪਰਵਾਸੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਕੈਨੇਡੀਅਨ ਸਮਾਜ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਬਹੁਤ ਸਾਰੇ ਭਾਰਤੀ ਪਰਵਾਸੀਆਂ ਨੂੰ ਕੈਨੇਡਾ ਵਿੱਚ ਸਫਲਤਾ ਅਤੇ ਸਵੀਕ੍ਰਿਤੀ ਮਿਲੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਅਨੁਭਵ ਵਿਅਕਤੀਆਂ ਲਈ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਭਾਸ਼ਾ ਦੀ ਮੁਹਾਰਤ, ਸਿੱਖਿਆ ਅਤੇ ਸੱਭਿਆਚਾਰਕ ਅਨੁਕੂਲਤਾ ਵਰਗੇ ਕਾਰਕਾਂ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ। ਕੈਨੇਡਾ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਤਕਰੇ ਨੂੰ ਰੋਕਣ ਲਈ ਕਾਨੂੰਨ ਅਤੇ ਨੀਤੀਆਂ ਹਨ ਤੇ ਪਰਵਾਸੀਆਂ ਦੀ ਏਕੀਕਰਨ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਲਈ ਸੰਸਥਾਵਾਂ ਅਤੇ ਸਰੋਤ ਉਪਲਬਧ ਹਨ। ਪਰ ਕੁਝ ਸਾਲਾਂ ਤੋਂ ਭਾਰਤੀਆਂ ਦੁਆਰਾ ਕੈਨੇਡੀਅਨ ਪਛਾਣ ਨੂੰ ਤਬਾਹ ਕੀਤਾ ਜਾ ਰਿਹਾ ਹੈ। ਖ਼ਾਸ ਤੌਰ 'ਤੇ ਸਾਡੇ ਕੁਝ ਪੰਜਾਬੀ ਨੌਜਵਾਨ ਰਾਤੋ-ਰਾਤ ਅਮੀਰ ਬਣਨ ਲਈ ਗ਼ਲਤ ਕੰਮਾਂ ਵਿੱਚ ਪੈ ਕੇ ਆਪਣੀ ਜ਼ਿੰਦਗੀ ਜੇਲ੍ਹਾਂ ਵਿੱਚ ਖਰਾਬ ਕਰ ਰਹੇ ਹਨ।

ਕਾਰਾਂ, ਸੋਨੇ ਦੀ ਚੋਰੀ, ਡਰੱਗ ਦੇ ਧੰਦੇ, ਮਰਨ-ਮਾਰਨ-ਮਰਵਾਉਣ ਦੇ ਕੰਮ, ਪਾਰਕਾਂ ਵਿੱਚ ਸ਼ਰਾਬਾਂ ਪੀ ਕੇ ਹੁੱਲੜ੍ਹਬਾਜ਼ੀ, ਕੋਈ ਤਿਉਹਾਰ ਹੋਵੇ ਜਿਵੇਂ ਦਿਵਾਲੀ ਹੋਵੇ ਤਾਂ ਪਟਾਕੇ ਚਲਾ-ਚਲਾ ਕੇ ਪਾਰਕਾਂ, ਪਲਾਜ਼ਿਆਂ ਵਿੱਚ ਗੰਦ ਪਾ ਦੇਣਾ। ਜੇਕਰ ਕੋਈ ਕੰਮ ਦੀ ਗੱਲ ਇਨ੍ਹਾਂ ਨੂੰ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਸਮਝਾਉਣ ਦਾ ਯਤਨ ਕਰਦਾ ਹੈ ਤਾਂ ਉਸ ਦੇ ਹੀ ਗਲ ਪੈ ਜਾਂਦੇ ਹਨ। ਮਾਰਨ-ਕੁੱਟਣ ਲਈ ਤਿਆਰ ਹੋ ਜਾਂਦੇ ਹਨ।

ਅਠਾਈ ਅਪਰੈਲ ਦੀ ਪੁਲਿਸ ਰਿਲੀਜ਼ ਮੁਤਾਬਕ 27 ਮਾਰਚ ਤੋਂ ਲੈ ਕੇ 27 ਅਪਰੈਲ ਤਕ ਸਿਰਫ਼ ਮਿਸੀਸਾਗਾ ਅਤੇ ਬਰੈਂਪਟਨ ਵਿੱਚੋਂ 5 ਮੋਟਰਸਾਈਕਲਾਂ ਸਮੇਤ 497 ਗੱਡੀਆਂ ਚੋਰੀ ਹੋਈਆਂ ਭਾਵ ਕਿ 16 ਗੱਡੀਆਂ ਰੋਜ਼ ਦੀਆਂ। ਇਨ੍ਹਾਂ ਵਿੱਚੋਂ 7 ਮਾਮਲੇ ਪੁਲਿਸ ਵੱਲੋਂ ਹੱਲ ਕੀਤੇ ਗਏ ਜਿਨ੍ਹਾਂ ਵਿੱਚ ਭਾਰਤੀ ਪਹਿਲੇ ਨੰਬਰ 'ਤੇ ਹਨ, ਜੋ ਇਨ੍ਹਾਂ ਚੋਰੀਆਂ ਵਿੱਚ ਸ਼ਾਮਲ ਹਨ।

ਪਿਛਲੇ ਹਫ਼ਤੇ ਦੀ ਖ਼ਬਰ ਮੁਤਾਬਕ ਮਿਸੀਸਾਗਾ ਸ਼ਹਿਰ ਵਿੱਚ ਕਤਲ ਕਰਕੇ ਫਰਾਰ ਹੋਏ ਚਾਰ ਲੋਕਾਂ ਦੇ ਨਾਂ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿੱਚ ਮਨਜੀਤ ਕੰਗ, ਧਰਮ ਸਿੰਘ ਧਾਲੀਵਾਲ, ਮਨਜੀਤ ਸਿੰਘ ਤੇ ਜਮਾਇਕਾ ਮੂਲ ਦੇ ਰੀਕੋ ਹੇਲ ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਵਿੱਚੋਂ ਬੀਤੇ ਦਿਨੀਂ ਧਰਮ ਸਿੰਘ ਧਾਲੀਵਾਲ ਨੂੰ ਕੈਨੇਡਾ ਦੇ ਮੋਸਟ ਵਾਂਟੇਡ ਅਪਰਾਧੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ ਤੇ ਉਸ ਦੇ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕੀਤੇ ਗਏ ਹਨ।

ਕੈਨੇਡਾ ਦਾ ਕਾਨੂੰਨ ਬਹੁਤ ਨਰਮ ਹੈ। ਦੋਸ਼ੀ ਦੇ ਫੜੇ ਜਾਣ 'ਤੇ ਸ਼ਾਮ ਤਕ ਜਾਂ ਦੂਜੇ ਦਿਨ ਹੀ ਜ਼ਮਾਨਤ 'ਤੇ ਛੱਡ ਦਿੱਤਾ ਜਾਂਦਾ ਹੈ, ਜਿਸ ਬਾਰੇ ਆਏ ਦਿਨ ਕੈਨੇਡਾ ਦੇ ਵੱਖ-ਵੱਖ ਸੂਬਿਆਂ ਦੇ ਪ੍ਰੀਮੀਅਰਾਂ, ਅਤੇ ਸ਼ਹਿਰਾਂ ਦੇ ਮੇਅਰਾਂ ਵੱਲੋਂ ਅਕਸਰ ਪ੍ਰਧਾਨ ਮੰਤਰੀ ਟਰੂਡੋ ਨੂੰ ਖ਼ਤ ਲਿਖ ਕੇ ਕਾਨੂੰਨ ਨੂੰ ਸਖ਼ਤ ਕਰਨ ਲਈ ਕਿਹਾ ਜਾਂਦਾ ਹੈ। ਜਦੋਂ ਅਜਿਹੇ ਪਰਵਾਸੀ ਇਸ ਤਰ੍ਹਾਂ ਦਾਅਪਰਾਧ ਕਰਦੇ ਹਨ ਤਾਂ ਉਨ੍ਹਾਂ ਨੂੰ ਵਾਪਸ ਉਸੇ ਦੇਸ਼ ਵਿੱਚ ਭੇਜਿਆ ਜਾਣਾ ਚਾਹੀਦਾ ਹੈ, ਜਿਸ ਦੇਸ਼ ਤੋਂ ਇਹ ਆਏ ਹੁੰਦੇ ਹਨ। ਟਰੂਡੋ ਵੱਲੋਂ ਬਹੁਤ ਗ਼ਲਤੀਆਂ ਕੀਤੀਆਂ ਗਈਆਂ ਹਨ। ਇਹ ਨਹੀਂ ਕਿ ਉਹ ਦੁੱਧ ਧੋਤਾ ਹੈ।



ਹਰ ਸਮੇਂ ਪ੍ਰੀਮੀਅਰ, ਸੰਸਦ ਮੈਂਬਰ, ਕਾਲਮਨਵੀਸ ਅਤੇ ਪੀਅਰ ਪੋਇਲੀਵਰ ਸਿੱਧੇ ਲਫ਼ਜ਼ਾਂ ਵਿੱਚ ਟਰੂਡੋ ਨੂੰ ਲੰਮੇ ਹੱਥੀ ਲੈਂਦੇ ਹਨ। ਕੈਨੇਡੀਅਨਾਂ ਦਾ ਲਚਕੀਲੇ ਹੋਣ ਦਾ ਲੰਮਾ ਇਤਿਹਾਸ ਹੈ ਪਰ ਟੁੱਟਣ ਦਾ ਨਹੀਂ। ਇਹ ਉਹ ਚੀਜ਼ ਹੈ ਜਿਸਦੀ ਦੁਨੀਆ ਨੇ ਸਾਲਾਂ ਦੌਰਾਨ ਸਾਡੀ ਪ੍ਰਸ਼ੰਸਾ ਕੀਤੀ ਹੈ। ਇਹ ਕੁਝ ਅਜਿਹਾ ਹੈ ਜੋ ਮੈਨੂੰ ਯਕੀਨ ਹੈ ਕਿ ਜਾਰੀ ਰਹੇਗਾ। ਇੱਕ ਸਰਵੇ ਮੁਤਾਬਕ ਕੈਨੇਡਾ ਦੁਨੀਆ ਦਾ ਸੈਰ ਕਰਨ ਲਈ ਸਭ ਤੋਂ ਉੱਤਮ ਦੇਸ਼ ਹੈ। ਚੰਗੇ ਆਰਥਿਕ ਸਮੇਂ ਵਿੱਚ ਕੈਨੇਡਾ ਸਰਕਾਰ ਨੂੰ ਬੱਜਟ ਵਿੱਚ ਸੰਤੁਲਨ ਬਣਾਉਣਾ ਚਾਹੀਦਾ ਸੀ ਜੋ 2015 ਤੋਂ ਸ਼ੁਰੂਆਤ ਹੋਈ। ਘਾਟੇ ਨੂੰ ਖ਼ਤਮ ਕਰਨਾ ਚਾਹੀਦਾ ਸੀ ਅਤੇ ਰਾਸ਼ਟਰੀ ਕਰਜ਼ੇ ਦਾ ਭੁਗਤਾਨ ਕਰਨਾ ਚਾਹੀਦਾ ਸੀ। ਇਸਦੀ ਬਜਾਏ ਟਰੂਡੋ ਐਂਡ ਕੰਪਨੀ ਨੇ ਸ਼ਰਾਬੀ ਮਲਾਹਾਂ ਵਾਂਗ ਪੈਸਾ ਖ਼ਰਚਿਆ ਅਤੇ ਕਰਜ਼ੇ ਨੂੰ ਇਤਿਹਾਸਕ ਪੱਧਰ ਤਕ ਪਹੁੰਚਾਇਆ। ਕੀ ਸਾਡੇ ਆਦਿਵਾਸੀਆਂ ਕੋਲ ਵਾਅਦੇ ਮੁਤਾਬਕ ਸਾਫ਼ ਪਾਣੀ ਅਤੇ ਰਹਿਣ ਦੀਆਂ ਬਿਹਤਰ ਸਥਿਤੀਆਂ ਹਨ? ਕੀ ਸਾਡੇ ਪੁਰਾਣੇ ਸ਼ਹਿਰਾਂ ਨੂੰ ਵਰਤਮਾਨ ਸਮੇਂ ਦੇ ਹਾਣ ਦੇ ਬਣਾਉਣ ਲਈ ਬੁਨਿਆਦੀ ਪ੍ਰੋਗਰਾਮ ਹੈ? ਕੀ ਫੈਡਰਲ ਸਰਕਾਰ ਨੇ ਸੂਬਿਆਂ ਨੂੰ ਦਿੱਤੇ ਜਾਣ ਵਾਲੇ ਸਿਹਤ ਭੁਗਤਾਨਾਂ ਵਿੱਚ ਵਾਧਾ ਕੀਤਾ ਹੈ? ਕੀ ਜਲਵਾਯੂ ਤਬਦੀਲੀ, ਆਲਮੀ ਤਪਸ਼ ਤੇ ਨਵਿਆਉਣਯੋਗ ਊਰਜਾ 'ਤੇ ਅੱਗੇ ਵਧਣ ਲਈ ਕੋਈ ਵਿਆਪਕ ਯੋਜਨਾ ਹੈ? ਟਰੂਡੋ ਸਰਕਾਰ ਸਿਵਲ ਸੇਵਕਾਂ ਨੂੰ ਵੀ ਸਹੀ ਢੰਗ ਨਾਲ ਭੁਗਤਾਨ ਨਹੀਂ ਕਰ ਸਕੀ ਅਤੇ ਇਸ ਦੀ ਹਾਲਤ ਪਹਿਲਾਂ ਨਾਲੋਂ ਵੀ ਮਾੜੀ ਹੋ ਗਈ ਹੈ।

ਸਰਕਾਰ ਸਾਬਕਾ ਸੈਨਿਕਾਂ ਨੂੰ ਸਹੂਲਤਾਂ ਦੇਣ ਲਈ ਬਹੁਤ ਪਿੱਛੇ ਹੈ। ਇਸ ਸਾਲ ਜਦੋਂ ਟਰੂਡੋ ਹਰ ਪਾਸੇ ਤੋਂ ਨਿਰਾਸ਼ ਹੋਇਆ, ਉਸ ਦੀ ਪਾਰਟੀ ਅਤੇ ਉਸ ਦਾ ਗ੍ਰਾਫ ਹੇਠਾਂ ਡਿਗ ਪਿਆ ਤਾਂ ਉਸ ਵੱਲੋਂ ਭਾਰਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਂ-ਬਾਪ ਦੇ ਕੈਨੇਡਾ ਆਉਣ ਦਾ ਕੋਟਾ ਬਹੁਤ ਘਟਾ ਦਿੱਤਾ। ਅਜਿਹਾ ਇਸ ਲਈ ਕੀਤਾ ਕਿਉਂਕਿ ਲੋਕਾਂ ਨੇ ਲਚਕੀਲੀ ਪਰਵਾਸ ਨੀਤੀ ਦਾ ਵਿਰੋਧ ਕੀਤਾ ਕਿਉਂਕਿ ਬਹੁਤ ਸਾਰੇ ਕੈਨੇਡੀਅਨ ਲੋਕਾਂ ਕੋਲ ਕੰਮਕਾਰ ਨਹੀਂ ਹਨ, ਰਹਿਣ ਲਈ ਘਰ ਨਹੀਂ ਹਨ। ਜੇ ਟਰੂਡੋ ਨੂੰ ਕੁਝ ਦਿਸ ਰਿਹਾ ਸੀ ਤਾਂ ਉਹ ਇਹ ਕਿ ਕੈਨੇਡਾ ਨੂੰ ਇਮੀਗ੍ਰਾਂਟਸ ਨਾਲ ਭਰ ਲਓ। ਉਨ੍ਹਾਂ ਵੱਲੋਂ ਪੈਸਾ ਲਗਾ ਕੇ ਕੈਨੇਡਾ ਵਿੱਚ ਦਾਖ਼ਲ ਹੋਇਆ ਜਾਂਦਾ ਹੈ, ਉਸ ਪੈਸੇ ਨਾਲ ਕੈਨੇਡਾ ਦੀ ਇਕਾਨਮੀ ਚਲਾਈ ਜਾਓ।

ਪਿਛਲੇ ਹਫ਼ਤੇ ਟਰੂਡੋ ਸਰਕਾਰ ਵੱਲੋਂ 2024 ਦਾ ਬੱਜਟ ਪੇਸ਼ ਕੀਤਾ ਗਿਆ ਜਿਸ ਨੂੰ ਚੋਣ ਬੱਜਟ ਵੀ ਕਿਹਾ ਜਾ ਸਕਦਾ ਹੈ। ਇਸ ਵਿੱਚ ਲੋਕਾਂ ਨੂੰ ਖ਼ੁਸ਼ ਕਰਨ ਲਈ ਬਹੁਤ ਕੁਝ ਕੀਤਾ ਗਿਆ ਹੈ ਪਰ ਲੋਕ ਹੁਣ ਸਿਆਣੇ ਹੋ ਚੁੱਕੇ ਹਨ। ਉਹ ਉਸ ਦੇ ਝੂਠੇ ਵਾਅਦਿਆਂ ਵਿੱਚ ਨਹੀਂ ਆ ਰਹੇ। ਕੈਨੇਡਾ ਦੀ ਇੱਕ ਟਾਪ ਸਰਵੇ ਸੰਸਥਾ ਵੱਲੋਂ ਕਰਵਾਏ ਸਰਵੇ ਤੋਂ ਪਤਾ ਲੱਗਾ ਹੈ ਕਿ ਕੈਨੇਡੀਅਨ ਆਪਣਾ ਮਨ ਬਣਾ ਚੁੱਕੇ ਹਨ ਕਿ ਉਹ 2025 ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਟਰੂਡੋ ਦਾ ਤਖ਼ਤਾ ਪਲਟਕੇ ਰਹਿਣਗੇ। ਅਫ਼ਸੋਸਨਾਕ ਗੱਲ ਇਹ ਹੈ ਕਿ ਕੈਨੇਡਾ ਅਤੇ ਟਰੂਡੋ ਦਾ ਅਕਸ ਵਿਗਾੜਨ ਵਿੱਚ ਪਰਵਾਸੀਆਂ ਦਾ ਬਹੁਤ ਵੱਡਾ ਹੱਥ ਹੈ। ਜਿਨ੍ਹਾਂ ਨੇ ਇੱਥੇ ਆ ਕੇ ਕੁਝ ਸਿੱਖਣਾ ਸੀ, ਆਪਣੇ ਹੁਨਰ ਦਿਖਾਉਣੇ ਸਨ, ਚੰਗੀ ਜ਼ਿੰਦਗੀ ਜਿਉਣੀ ਸੀ, ਉਨ੍ਹਾਂ ਨੇ ਕੈਨੇਡਾ ਵਿੱਚ ਆ ਕੇ ਜੁਰਮ ਅਤੇ ਗ਼ਲਤ ਧੰਦਿਆਂ ਵਿੱਚ ਪੈ ਕੇ ਕੈਨੇਡਾ ਦੇ ਹਾਲਾਤ ਹੀ ਖਰਾਬ ਕਰ ਦਿੱਤੇ, ਜਿਸਦਾ ਖ਼ਮਿਆਜ਼ਾ ਟਰੂਡੋ ਨੂੰ 2025 ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ।



ਸੁਰਜੀਤ ਸਿੰਘ ਫਲੋਰਾ

# ਵਿਸ਼ਵ ਦੇ ਮਹਾਨ ਖਿਡਾਰੀ

# ਭਾਰਤੀ ਹਾਕੀ ਟੀਮਾਂ ਦਾ ਕਪਤਾਨ ਅਜੀਤਪਾਲ ਸਿੰਘ



ਸਰਵਣ ਸਿੰਘ

ਅਜੀਤਪਾਲ ਸਿੰਘ ਦਾ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕਰਨ ਦਾ ਰਿਕਾਰਡ ਹੈ। ਉਹ ਵਾਰ ਵਾਰ ਹਾਕੀ ਟੀਮਾਂ ਦਾ ਕੈਪਟਨ ਬਣਿਆ। ਏਸ਼ਿਆਈ ਖੇਡਾਂ ਵਿਚ ਵੀ, ਵਿਸ਼ਵ ਹਾਕੀ ਕੱਪਾਂ ਤੇ ਓਲੰਪਿਕ ਖੇਡਾਂ ਵਿਚ ਵੀ। ਉਹ ਹਾਕੀ ਦਾ ਹਰਫਨਮੌਲਾ ਖਿਡਾਰੀ ਸੀ। ਭਾਰਤ ਨੇ 1971 ਤੋਂ ਸ਼ੁਰੂ ਹੋਇਆ ਵਿਸ਼ਵ ਹਾਕੀ ਕੱਪ ਇੱਕੋ ਵਾਰ ਜਿੱਤਿਆ, ਉਹ ਵੀ ਉਹਦੀ ਕਪਤਾਨੀ ਵਿਚ। ਜਿੰਨੀ ਵਾਰ ਉਹ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ, ਸ਼ਾਇਦ ਹੀ ਕੋਈ ਹੋਰ ਖਿਡਾਰੀ ਕਿਸੇ ਦੇਸ਼ ਦੀਆਂ ਹਾਕੀ ਟੀਮਾਂ ਦਾ ਕਪਤਾਨ ਬਣਿਆ ਹੋਵੇ। ਤਦੇ ਉਹਦੇ ਬਾਰੇ ਲਿਖੇ ਆਪਣੇ ਪਹਿਲੇ ਸ਼ਬਦ ਚਿੱਤਰ ਦਾ ਨਾਂ ਮੈਂ 'ਦਲਾਂ ਦਾ ਮੋਹਰੀ' ਰੱਖਿਆ ਸੀ। ਦਲਾਂ ਦਾ ਮੋਹਰੀ ਨੂੰ ਹਾਕੀ ਦੇ ਪ੍ਰਸਿੱਧ ਟੂਰਨਾਮੈਂਟਾਂ, ਵਿਦੇਸ਼ੀ ਟੂਰਾਂ ਤੇ ਅੰਤਰਰਾਸ਼ਟਰੀ ਮੈਚਾਂ ਵਿੱਚ ਤਾਂ ਕਪਤਾਨ ਬਣਾਉਣਾ ਹੀ ਪੈਣਾ ਸੀ, ਉਹਨੀਂ ਦਿਨੀਂ ਜੇ ਵਰਲਡ ਇਲੈਵਨ ਬਣਾਈ ਜਾਂਦੀ ਤਾਂ ਉਸ ਦਾ ਕਪਤਾਨ ਵੀ ਅਜੀਤਪਾਲ ਸਿੰਘ ਨੂੰ ਹੀ ਬਣਾਉਣਾ ਪੈਂਦਾ! ਉਸ ਨੇ ਓਲੰਪਿਕ ਖੇਡਾਂ 'ਚੋਂ ਦੋ ਮੈਡਲ, ਵਿਸ਼ਵ ਹਾਕੀ ਕੱਪਾਂ 'ਚੋਂ ਤਿੰਨ ਮੈਡਲ ਤੇ ਏਸ਼ਿਆਈ ਖੇਡਾਂ 'ਚੋਂ ਦੋ ਮੈਡਲ ਜਿੱਤੇ। ਕੌਮੀ ਪੱਧਰ 'ਤੇ ਦਰਜਨਾਂ ਕੱਪ ਤੇ ਟਰਾਫੀਆਂ ਜਿੱਤੀਆਂ। ਸਕੂਲਾਂ/ਕਾਲਜਾਂ ਤੇ ਯੂਨੀਵਰਸਿਟੀਆਂ ਦੇ ਕੱਪਾਂ ਟਰਾਫੀਆਂ ਤੋਂ ਲੈ ਕੇ ਭਾਰਤ ਸਰਕਾਰ ਦੇ ਅਰਜਨਾ ਅਵਾਰਡ ਅਤੇ ਪਦਮ ਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਉਸ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ 2022 'ਚ ਸਪੋਰਟਸ ਸਟਾਰ ਏਸਸ ਅਵਾਰਡ ਦਿੱਤਾ ਗਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਓਲੰਪਿਕ ਖੇਡਾਂ ਵਿਚ ਭਾਰਤ ਦਾ ਚੀਫ ਡੀ ਮਿਸ਼ਨ ਬਣਾਇਆ ਗਿਆ। ਪਰ ਮੌਕੇ 'ਤੇ ਬਿਮਾਰ ਹੋ ਜਾਣ ਕਰਕੇ ਉਹ ਲੰਡਨ ਦੀਆਂ ਓਲੰਪਿਕ ਖੇਡਾਂ ਸਮੇਂ ਭਾਰਤੀ ਦਲ ਦੀ ਅਗਵਾਈ ਨਾ ਕਰ ਸਕਿਆ। ਉਸ ਤੋਂ ਪਹਿਲਾਂ ਖਿਡਾਰੀ ਨਹੀਂ ਬਲਕਿ ਸਿਆਸੀ ਨੇਤਾ, ਸਰਕਾਰੀ ਅਫਸਰ ਤੇ ਖੇਡ ਅਧਿਕਾਰੀ ਹੀ ਚੀਫ ਡੀ ਮਿਸ਼ਨ ਬਣਾਏ ਜਾਂਦੇ ਸਨ।

ਮੈਂ ਅਜੀਤਪਾਲ ਨੂੰ ਖੁਦ ਹਾਕੀ ਖੇਡਦਾ ਤੇ ਕੋਚਿੰਗ ਕੈਂਪਾਂ 'ਚ ਕੋਚਿੰਗ ਲੈਂਦੇ ਵੇਖਿਆ। ਉਸ ਨੂੰ ਮਿਲਦਾ ਗਿਲਦਾ ਵੀ ਰਿਹਾ। ਕਦੇ ਜਲੰਧਰ, ਕਦੇ ਦਿੱਲੀ ਤੇ ਕਦੇ ਪਟਿਆਲੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਵਿਚ। ਉਹ ਸੋਹਣਾ ਸੁਨੱਖਾ, ਬਣਦਾ ਤਣਦਾ ਤੇ ਸਾਊ ਖਿਡਾਰੀ ਸੀ। ਖੇਡ ਮੈਦਾਨ 'ਚ ਖੜ੍ਹਾ ਜਚਦਾ ਸੀ। ਉਹਦਾ ਜਨਮ ਹਾਕੀ ਦਾ ਘਰ ਕਹੇ ਜਾਂਦੇ ਪਿੰਡ ਸੰਸਾਰਪੁਰ ਵਿਚ 1 ਅਪ੍ਰੈਲ 1947 ਨੂੰ ਸਾਧੂ ਸਿੰਘ ਕੁਲਾਰ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਹੋਇਆ ਸੀ। ਸੰਸਾਰਪੁਰ ਜਲੰਧਰ ਛਾਉਣੀ ਨਾਲ ਲੱਗਦਾ ਛੋਟਾ ਜਿਹਾ ਪਿੰਡ ਹੈ ਜਿਸ ਨੇ ਹਾਕੀ ਦੇ 14 ਓਲੰਪੀਅਨਾਂ ਨੂੰ ਜਨਮ ਦਿਤਾ। ਉਸ ਪਿੰਡ ਬਾਰੇ ਲਤੀਫ਼ਾ ਜੁੜ ਗਿਆ ਸੀ ਕਿ ਉਥੇ ਬੱਚਾ ਜੰਮਦਾ ਹੀ ਤਦ ਸੀ ਜੇ ਉਸ ਨੂੰ ਹਾਕੀ ਫੜਾਈ ਜਾਂਦੀ! ਜਦ ਕਿ ਸਚਾਈ ਇਹ ਸੀ ਕਿ ਹਾਕੀ ਕੁਝ ਦਿਨ ਜੱਚਾ ਬੱਚਾ ਦੇ ਸਿਰ੍ਹਾਣੇ ਰੱਖੀ ਜਾਂਦੀ।

ਸੰਸਾਰਪੁਰ ਦੇ ਜੰਮਪਲ ਡਾ. ਪੋਪਿੰਦਰ ਸਿੰਘ ਕੁਲਾਰ ਨੇ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਲਿਖੀ ਹੈ ਜਿਸ ਦੀਆਂ ਕੁਝ ਸਤਰਾਂ ਹਨ: ਸੰਸਾਰਪੁਰ ਹਾਕੀ ਦਾ ਮੱਕਾ ਹੈ। ਹਾਕੀ ਦਾ ਬਾਗ ਬਗੀਚਾ। ਇਸ ਦੀ ਮਿੱਟੀ ਵਿਚੋਂ ਖਿਡਾਰੀਆਂ ਦੀ ਮਹਿਕ ਆਉਂਦੀ ਹੈ ਜਿਸ ਨੇ ਹੀਰਿਆਂ ਵਰਗੇ ਖਿਡਾਰੀ ਪੈਦਾ ਕੀਤੇ। ਸੰਸਾਰਪੁਰ ਦੇ ਜ਼ਿਆਦਾਤਰ ਹਾਕੀ ਖਿਡਾਰੀ ਇਕੋ ਗਲੀ ਦੇ ਜੰਮਪਲ ਹਨ ਜਿਨ੍ਹਾਂ ਦੇ ਜੱਦੀ ਘਰ 100 ਕੁ ਗਜ਼ ਦੇ ਘੇਰੇ ਵਿਚ ਪੈਂਦੇ ਹਨ। ਭਾਰਤ ਦੇ ਪੁਰਾਤਤਵ ਵਿਭਾਗ ਨੂੰ ਇਹ ਗਲ਼ੀ 'ਵਿਰਾਸਤੀ ਗਲ਼ੀ' ਵਜੋਂ ਸੰਭਾਲਣੀ ਚਾਹੀਦੀ ਹੈ। ਪਿੰਡ ਦਾ ਗਰਾਊਂਡ ਵੀ ਹਾਕੀ ਦਾ ਵਿਰਾਸਤੀ ਖੇਡ ਮੈਦਾਨ ਹੈ ਜਿਥੇ ਸੈਂਕੜੇ ਖਿਡਾਰੀਆਂ ਨੇ ਹਾਕੀ ਖੇਡਣੀ ਸਿੱਖੀ ਤੇ ਦੇਸ਼ ਵਿਦੇਸ਼ ਦੀਆਂ ਹਾਕੀ ਟੀਮਾਂ ਵਿਚ ਖੇਡੇ।

ਅਜੀਤਪਾਲ ਦਾ ਨਿੱਕਾ ਨਾਂ 'ਛਿੰਦਾ' ਸੀ। ਉਹ ਅਜੇ ਸੱਤ ਅੱਠ ਸਾਲ ਦਾ ਸੀ ਜਦੋਂ ਉਸ ਦੇ ਚਾਚੇ ਨੇ ਹਾਕੀ ਸਟਿਕ ਦਾ ਤੋਹਫ਼ਾ ਦਿਤਾ। ਉਸ ਨੇ ਸਕੂਲੀ ਪੜ੍ਹਾਈ ਬੋਰਡ ਹਾਇਰ ਸੈਕੰਡਰੀ ਸਕੂਲ ਜਲੰਧਰ ਛਾਉਣੀ ਤੋਂ ਕੀਤੀ ਤੇ ਕਾਲਜ ਦੀ ਪੜ੍ਹਾਈ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ। 1963 ਵਿਚ ਉਹ ਪੰਜਾਬ ਸਕੂਲਾਂ ਦੀ ਹਾਕੀ ਟੀਮ 'ਚ ਚੁਣਿਆ ਗਿਆ। ਉਦੋਂ ਉਹ ਫੁੱਲ ਬੈਕ ਖੇਡਦਾ ਸੀ। 1964 ਤੋਂ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਟੀਮ ਵਿਚ ਖੇਡਣ ਲੱਗਾ ਜਿਸ ਨੇ ਤਿੰਨ ਸਾਲ ਪੰਜਾਬ ਯੂਨੀਵਰਸਿਟੀ ਦੀ ਹਾਕੀ ਚੈਂਪੀਅਨਸ਼ਿਪ ਜਿੱਤੀ। ਇਸ ਦੌਰਾਨ ਉਹ ਫੁੱਲ ਬੈਕ ਤੋਂ ਸੈਂਟਰ ਹਾਫ਼ ਖੇਡਣ ਵਾਲਾ ਖਿਡਾਰੀ ਬਣ ਗਿਆ। 1966 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। 1966 ਤੋਂ ਉਹ ਪੰਜਾਬ ਰਾਜ ਦੀ ਟੀਮ ਵੱਲੋਂ ਖੇਡਣ ਲੱਗਾ। 1968 ਵਿਚ ਉਹ ਭਾਰਤੀ ਯੂਨੀਵਰਸਿਟੀਆਂ ਦੀ ਕੰਬਾਈਂਡ ਟੀਮ ਵੱਲੋਂ ਖੇਡਿਆ। ਹਾਕੀ ਦੇ ਸਿਰ 'ਤੇ ਬੀਐੱਸਐੱਫ ਦੇ ਖੇਡ ਕੋਟੇ ਵਿਚ ਭਰਤੀ ਹੋ ਗਿਆ ਤੇ ਅਸਿਸਟੈਂਟ ਕਮਾਂਡੈਂਟ ਵਜੋਂ ਰਿਟਾਇਰ ਹੋਇਆ ਤੇ ਦਿੱਲੀ ਦਾ ਵਸਨੀਕ ਬਣ ਗਿਆ। ਉਸ ਦਾ ਵਿਆਹ ਬਾਸਕਟਬਾਲ ਦੀ ਨੈਸ਼ਨਲ ਖਿਡਾਰਨ ਕਿਰਨ ਗਰੇਵਾਲ ਨਾਲ ਹੋਇਆ ਸੀ ਜਿਸ ਦੀ 2023 ਵਿਚ ਮ੍ਰਿਤੂ ਹੋ ਗਈ।






ਅਜੀਤਪਾਲ ਹਾਕੀ ਮੈਦਾਨ ਵਿਚ ਖੇਡਦਾ ਸਭਨਾਂ ਦਾ ਧਿਆਨ ਖਿੱਚਦਾ ਸੀ। ਉਹਦੇ ਜੁੱਸੇ ਵਿਚ ਲਚਕ ਤੇ ਛੋਹਲਾਪਣ ਸੀ। ਉਸ ਦਾ ਰੰਗ ਗੋਰਾ, ਜੂੜੇ ਤੇ ਰੁਮਾਲ, ਕੱਦ 5 ਫੁੱਟ 10 ਇੰਚ ਤੇ ਸਰੀਰਕ ਵਜ਼ਨ 73 ਕਿਲੋਗਰਾਮ ਸੀ। ਅਜੇ ਵੀ ਉਹਦੀ ਤੋਰ ਵਿਚ ਲਟਕ ਤੇ ਮਟਕ ਹੈ। ਉਹਦੇ ਕੋਲੋਂ ਗੇਂਦ ਕੱਢਣੀ ਬੜੀ ਮੁਸ਼ਕਲ ਹੁੰਦੀ ਸੀ। ਗੇਂਦ ਉਹਦੀ ਹਾਕੀ ਨਾਲ ਚਿਪਕ ਜਾਂਦੀ। ਪਤਾ ਉਦੋਂ ਲੱਗਦਾ ਜਦੋਂ ਅਛੋਪਲੇ ਜਿਹੇ ਉਹ ਬਾਲ ਆਪਣੇ ਫਾਰਵਰਡ ਖਿਡਾਰੀ ਕੋਲ ਅਜਿਹੀ ਥਾਂ ਪੁਚਾਉਂਦਾ ਜਿਥੋਂ ਉਹ ਸੌਖ ਨਾਲ ਹੀ ਗੋਲ ਕਰ ਸਕੇ।

1966 'ਚ 19 ਸਾਲ ਦੀ ਉਮਰੇ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ ਜਿਸ ਨੇ ਜਪਾਨ ਦਾ ਟੂਰ ਲਾਇਆ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਟੂਰਨਾਮੈਂਟ ਖੇਡਿਆ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ 'ਚ ਭਾਰਤੀ ਟੀਮ ਦਾ ਮੈਂਬਰ ਚੁਣਿਆ ਗਿਆ ਜਿਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਥੇ ਜਰਮਨੀ ਦੀ ਟੀਮ ਵਿਰੁੱਧ ਉਸ ਨੂੰ ਸੈਂਟਰ ਹਾਫ਼ ਖਿਡਾਇਆ ਤਾਂ ਟੀਮ ਦੀ ਕਾਰਗੁਜ਼ਾਰੀ ਹੋਰ ਵੀ ਬਿਹਤਰ ਰਹੀ। ਉਦੋਂ ਤੋਂ ਉਹਦੀ ਸੈਂਟਰ ਹਾਫ਼ ਪੁਜ਼ੀਸ਼ਨ ਹਮੇਸ਼ਾ ਲਈ ਪੱਕੀ ਹੋ ਗਈ। 1970 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚ ਉਸ ਨੇ ਖੇਡ ਦੇ ਹੋਰ ਵੀ ਚੰਗੇ ਜੌਹਰ ਵਿਖਾਏ ਤੇ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ।

1971 ਵਿਚ ਉਸ ਨੂੰ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸ ਟੀਮ ਨੇ ਸਿੰਘਾਪੁਰ ਦਾ ਪੈਸਟਾ ਸੁਆਂ ਇੰਟਰਨੈਸ਼ਨਲ ਹਾਕੀ ਟੂਰਨਮੈਂਟ ਜਿੱਤਿਆ। ਉਸੇ ਸਾਲ ਬਾਰਸੀਲੋਨਾ ਦੇ ਪਹਿਲੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ 'ਚ ਉਸ ਨੂੰ ਫਿਰ ਭਾਰਤੀ ਟੀਮ ਦੀ ਕਪਤਾਨੀ ਸੌਂਪੀ ਗਈ। ਉਦੋਂ ਉਹ 24ਵੇਂ ਸਾਲ ਵਿਚ ਸੀ। 1972 ਵਿਚ ਉਸ ਨੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਥੇ ਓਲੰਪਿਕ ਖੇਡਾਂ ਦਾ ਇਕ ਹੋਰ ਕਾਂਸੀ ਦਾ ਤਗ਼ਮਾ ਜਿੱਤਿਆ। 1973 ਵਿਚ ਉਹ ਵਿਸ਼ਵ ਹਾਕੀ ਕੱਪ ਖੇਡਣ ਐਮਸਟਰਡਮ ਗਿਆ ਜਿਥੇ ਭਾਰਤੀ ਟੀਮ ਦੂਜੇ ਸਥਾਨ 'ਤੇ ਰਹੀ। 1974 ਵਿਚ ਉਸ ਨੇ ਭਾਰਤੀ ਟੀਮ ਦਾ ਕਪਤਾਨ ਬਣ ਕੇ ਤਹਿਰਾਨ ਦੀਆਂ ਏਸ਼ਿਆਈ ਖੇਡਾਂ 'ਚ ਭਾਗ ਲਿਆ ਜਿਥੇ ਫਿਰ ਚਾਂਦੀ ਦਾ ਤਗ਼ਮਾ ਜਿੱਤਿਆ। ਉਥੇ ਆਲ ਸਟਾਰਜ਼ ਏਸ਼ੀਆ ਟੀਮ ਬਣਾਈ ਗਈ ਜੋ ਆਲ ਸਟਾਰਜ਼ ਯੂਰਪ ਵਿਰੁੱਧ ਮੈਚ ਖੇਡੀ। ਫਿਰ ਕਰਾਚੀ ਵਿਚ ਉਹ ਰੈਸਟ ਆਫ਼ ਵਰਲਡ ਟੀਮ ਵੱਲੋਂ ਪਾਕਿਸਤਾਨ ਵਿਰੁੱਧ ਖੇਡਿਆ ਤੇ ਪਾਕਿਸਤਾਨ ਵਿਚ ਆਪਣੀ ਖੇਡ ਦਾ ਸਿੱਕਾ ਜਮਾਇਆ।

ਉਤੋਂ 1975 ਦਾ ਵਿਸ਼ਵ ਹਾਕੀ ਕੱਪ ਆ ਰਿਹਾ ਸੀ। ਉਸ ਸਮੇਂ ਭਾਰਤੀ ਹਾਕੀ ਟੀਮ ਦੀ ਹਾਲਤ ਪਤਲੀ ਸੀ। ਉਸ ਪਾਸ ਨਾ ਏਸ਼ਿਆਈ ਖੇਡਾਂ ਦੀ ਹਾਕੀ ਦਾ ਗੋਲਡ ਮੈਡਲ ਸੀ, ਨਾ ਵਿਸ਼ਵ ਹਾਕੀ ਟਰਾਫੀ, ਨਾ ਓਲੰਪਿਕ ਖੇਡਾਂ ਦਾ ਸਿਲਵਰ ਜਾਂ ਗੋਲਡ ਮੈਡਲ ਤੇ ਨਾ ਵਿਸ਼ਵ ਹਾਕੀ ਕੱਪ ਸੀ। ਉਸ ਹਾਲਤ ਵਿਚ ਪੰਜਾਬ ਸਰਕਾਰ ਨੇ ਭਾਰਤੀ ਹਾਕੀ ਟੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਆਪ ਚੁੱਕ ਲਈ। ਪੰਜਾਬ ਦੇ ਸਪੋਰਟਸ ਡਾਇਰੈਕਟਰ ਬਲਬੀਰ ਸਿੰਘ ਦੀ ਅਗਵਾਈ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਭਾਰਤੀ ਟੀਮ ਦਾ ਕੋਚਿੰਗ ਕੈਂਪ ਲਾਇਆ ਗਿਆ। ਅਸ਼ੋਕ ਦੀਵਾਨ, ਲੈਸਲੀ ਫਰਨਾਂਡਿਸ, ਮਾਈਕਲ ਕਿੰਡੋ, ਸੁਰਜੀਤ ਸਿੰਘ, ਅਸਲਮ ਸ਼ੇਰ ਖਾਂ, ਵਰਿੰਦਰ ਸਿੰਘ, ਅਜੀਤਪਾਲ ਸਿੰਘ, ਮੁਹਿੰਦਰ ਸਿੰਘ, ਓਂਕਾਰ ਸਿੰਘ, ਵੀ. ਜੇ. ਫਿਲਿਪਸ, ਬੀ. ਪੀ. ਗੋਵਿੰਦਾ, ਆਰ.ਜੇ.ਐੱਸ. ਚਿਮਨੀ, ਐੱਸ.ਆਰ. ਪਵਾਰ, ਹਰਚਰਨ ਸਿੰਘ, ਅਸ਼ੋਕ ਕੁਮਾਰ ਸਿੰਘ ਤੇ ਪੀ. ਈ. ਕੈਲੇ ਭਾਰਤੀ ਟੀਮ 'ਚ ਚੁਣੇ ਗਏ। ਉਨ੍ਹਾਂ ਖਿਡਾਰੀਆਂ ਦੀ ਉਮਰ 20 ਤੋਂ 29 ਸਾਲ ਵਿਚਕਾਰ ਸੀ ਜਿਨ੍ਹਾਂ ਦੀ ਔਸਤ ਉਮਰ 24 ਸਾਲ ਬਣਦੀ ਸੀ। ਦੇਸ਼ ਦੀਆਂ ਵਧੀਆ ਹਾਕੀ ਟੀਮਾਂ ਨੂੰ ਕੈਂਪ ਦੌਰਾਨ ਚੰਡੀਗੜ੍ਹ ਸੱਦਿਆ ਜਾਂਦਾ ਤੇ ਕੁਝ ਇਕਨਾਂ ਨੂੰ ਹਫ਼ਤਾ ਹਫ਼ਤਾ ਠਹਿਰਾਇਆ ਵੀ ਜਾਂਦਾ। ਉਨ੍ਹਾਂ ਨਾਲ ਮੈਚ ਖੇਡੇ ਜਾਂਦੇ। ਭਾਰਤੀ ਟੀਮ ਦੇ ਕਾਰਪਸ ਆਫ਼ ਸਿਗਨਲਜ਼, ਈਸਟਰਨ ਕਮਾਂਡ, ਪੰਜਾਬ ਪੁਲਿਸ, ਬਾਰਡਰ ਸਕਿਉਰਿਟੀ ਫੋਰਸ, ਇੰਡੀਅਨ ਏਅਰ ਫੋਰਸ, ਕੰਬਾਈਂਡ ਯੂਨੀਵਰਸਿਟੀਜ਼ ਪੰਜਾਬ ਤੇ ਹਰਿਆਣਾ ਰਾਜ ਬਿਜਲੀ ਬੋਰਡ ਦੀਆਂ ਟੀਮਾਂ ਨਾਲ ਮੈਚ ਹੁੰਦੇ। ਕੈਂਪ ਦੌਰਾਨ ਅਜਿਹੇ 35 ਮੈਚ ਖੇਡੇ ਗਏ।

1975 ਦਾ ਤੀਜਾ ਵਰਲਡ ਹਾਕੀ ਕੱਪ ਕੁਆਲਾਲੰਪੁਰ ਹੋਣਾ ਸੀ। ਉਹਦੇ ਲਈ 12 ਟੀਮਾਂ ਮੈਦਾਨ ਵਿਚ ਸਨ। ਪੂਲ ਏ ਵਿਚ ਪਾਕਿਸਤਾਨ, ਮਲੇਸ਼ੀਆ, ਨਿਊਜ਼ੀਲੈਂਡ, ਹਾਲੈਂਡ, ਸਪੇਨ ਤੇ ਪੋਲੈਂਡ ਦੀਆਂ ਟੀਮਾਂ ਸਨ। ਪੂਲ ਬੀ ਵਿਚ ਭਾਰਤ, ਜਰਮਨੀ, ਅਰਜਨਟੀਨਾ, ਇੰਗਲੈਂਡ, ਆਸਟ੍ਰੇਲੀਆ ਤੇ ਘਾਨਾ ਦੀਆਂ ਟੀਮਾਂ ਨੇ ਖੇਡਣਾ ਸੀ। ਪੂਲ ਮੈਚਾਂ ਵਿਚ ਪਾਕਿਸਤਾਨ ਦੀ ਟੀਮ ਪੋਲੈਂਡ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਬਰਾਬਰ ਖੇਡ ਕੇ ਤੇ ਬਾਕੀ ਤਿੰਨ ਟੀਮਾਂ ਨੂੰ ਜਿੱਤ ਕੇ ਚੋਟੀ ਉਤੇ ਰਹੀ। ਭਾਰਤੀ ਟੀਮ ਤਿੰਨ ਟੀਮਾਂ ਨੂੰ ਹਰਾ ਕੇ, ਅਰਜਨਟੀਨਾ ਤੋਂ ਹਾਰ ਕੇ ਤੇ ਆਸਟ੍ਰੇਲੀਆ ਨਾਲ ਮੈਚ ਬਰਾਬਰ ਖੇਡ ਕੇ ਅੱਵਲ ਆਈ। ਏ ਪੂਲ 'ਚੋਂ ਪਾਕਿਸਤਾਨ ਤੇ ਮਲੇਸ਼ੀਆ ਅਤੇ ਬੀ ਪੂਲ 'ਚੋਂ ਭਾਰਤ ਤੇ ਜਰਮਨੀ ਦੀਆਂ ਟੀਮਾਂ ਸੈਮੀ ਫਾਈਨਲ ਖੇਡੀਆਂ।

ਕੁਆਲਾ ਲੰਪੁਰ ਵਿਚ ਜਿਵੇਂ-ਜਿਵੇਂ ਟੂਰਨਾਮੈਂਟ ਅੱਗੇ ਵਧ ਰਿਹਾ ਸੀ ਰੱਬ ਅੱਗੇ ਅਰਜੋਈਆਂ ਵੀ ਵੱਧ ਰਹੀਆਂ ਸਨ। ਇਹ ਮਨੋਵਿਗਿਆਨਕ ਟੇਕ ਸੀ। ਟੀਮ ਨਾਲ ਗਿਆ ਡਾ.ਰਾਜਿੰਦਰ ਕਾਲੜਾ ਮਨੋਵਿਗਿਆਨੀ ਵੀ ਸੀ। ਉਹ ਖਿਡਾਰੀਆਂ ਦੀ ਸਰੀਰਕ ਤੇ ਮਾਨਸਿਕ ਸਿਹਤ ਦਾ ਧਿਆਨ ਰੱਖ ਰਿਹਾ ਸੀ। ਲੋੜ ਪੈਣ 'ਤੇ ਵਹਿਮਾਂ ਭਰਮਾਂ ਦਾ ਇਲਾਜ ਵੀ ਕਰੀ ਜਾਂਦਾ। ਫੁੱਲ ਬੈਕ ਸੁਰਜੀਤ ਸਿੰਘ ਨੂੰ ਵਹਿਮ ਹੋ ਗਿਆ ਕਿ ਉਸ ਦੀ ਜਰਸੀ ਦਾ ਨੰਬਰ 4 ਉਸ ਲਈ ਮਨਹੂਸ ਹੈ। ਜਦੋਂ ਇਹ 'ਬਿਮਾਰੀ' ਡਾ. ਕਾਲੜੇ ਦੇ ਧਿਆਨ ਵਿਚ ਲਿਆਂਦੀ ਤਾਂ ਕਾਲੜੇ ਨੇ ਬੈਂਕਾਕ 'ਚ ਰਹਿੰਦੇ ਕਿਸੇ ਭਾਰਤੀ ਤੋਂ ਗੁੜ ਤੇ ਤਿਲ ਮੰਗਾਏ। ਗੁੜ ਤੇ ਤਿਲ 'ਮੰਤਰ' ਕੇ ਸੁਰਜੀਤ ਨੂੰ ਖਾਣ ਲਈ ਦਿੱਤੇ। ਸੁਰਜੀਤ ਫਿਰ ਸਿਖਰ ਦੀ ਫਾਰਮ ਵਿਚ ਖੇਡਣ ਲੱਗਾ। ਇਓਂ ਵਹਿਮ ਦਾ ਇਲਾਜ ਵੀ ਵਹਿਮ ਨਾਲ ਹੀ ਹੋਇਆ!

ਕੱਪ ਦਾ ਫਾਈਨਲ ਮੈਚ 15 ਮਾਰਚ 1975 ਨੂੰ ਸੀ। ਸੈਮੀ ਫਾਈਨਲ 'ਚ ਜਰਮਨੀ ਨੂੰ ਵੱਧ ਗੋਲਾਂ 'ਤੇ ਹਰਾਉਣ ਕਰਕੇ ਪਾਕਿਸਤਾਨ ਦੀ ਪੁਜ਼ੀਸ਼ਨ ਬਿਹਤਰ ਸਮਝੀ ਜਾ ਰਹੀ ਸੀ। ਭਾਰਤੀ ਟੀਮ 'ਚ ਅਸ਼ੋਕ ਦੀਵਾਨ ਗੋਲਚੀ, ਅਸਲਮ ਤੇ ਸੁਰਜੀਤ ਫੁੱਲ ਬੈਕ, ਵਰਿੰਦਰ, ਅਜੀਤਪਾਲ ਤੇ ਮੁਹਿੰਦਰ ਹਾਫ਼ ਬੈਕ, ਫਿਲਿਪਸ, ਅਸ਼ੋਕ, ਪਵਾਰ, ਗੋਵਿੰਦਾ ਤੇ ਹਰਚਰਨ ਫਾਰਵਰਡ ਖਿਡਾਰੀ ਸਨ ਜਿਸ ਦਾ ਕੈਪਟਨ ਫਿਰ ਅਜੀਤਪਾਲ ਸੀ। ਸੱਤਰ ਹਜ਼ਾਰ ਸੀਟਾਂ ਵਾਲਾ ਸਟੇਡੀਅਮ ਕੰਢਿਆਂ ਤਕ ਭਰਪੂਰ ਸੀ। ਦਰਸ਼ਕਾਂ ਦੀਆਂ ਹੱਲਸ਼ੇਰੀਆਂ ਨਾਲ ਹੱਥਾਂ 'ਚ ਫੜੇ ਭਾਰਤੀ ਤੇ ਪਾਕਿਸਤਾਨੀ ਝੰਡੇ ਲਹਿਰਾ ਰਹੇ ਸਨ। ਮੈਚ ਦੇ ਪਹਿਲੇ ਪਲਾਂ ਵਿਚ ਭਾਰਤੀ ਟੀਮ ਹਾਵੀ ਰਹੀ। ਪਰ 16ਵੇਂ ਮਿੰਟ 'ਚ ਮਿਲੇ ਪੈਨਲਟੀ ਕਾਰਨਰ ਦਾ ਭਾਰਤੀ ਟੀਮ ਫਾਇਦਾ ਨਾ ਉਠਾ ਸਕੀ। ਪਹਿਲਾਂ ਪਾਕਿਸਤਾਨ ਦਾ ਇਕ ਪੈਨਲਟੀ ਕਾਰਨਰ ਵੀ ਬੇਕਾਰ ਚਲਾ ਗਿਆ ਸੀ। 25ਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਫੀਲਡ ਗੋਲ ਕਰ ਦਿੱਤਾ। 29ਵੇਂ ਮਿੰਟ 'ਚ ਭਾਰਤ ਨੂੰ ਮਿਲਿਆ ਦੂਜਾ ਪੈਨਲਟੀ ਕਾਰਨਰ ਵੀ ਅਜਾਈਂ ਚਲਾ ਗਿਆ। ਅੱਧੇ ਸਮੇਂ ਤੱਕ ਪਾਕਿਸਤਾਨ 1-0 ਗੋਲ ਨਾਲ ਅੱਗੇ ਸੀ।

ਦੂਜਾ ਅੱਧ ਸ਼ੁਰੂ ਹੋਇਆ ਤਾਂ ਭਾਰਤੀ ਟੀਮ ਦੇ ਹੱਲੇ ਹੋਰ ਤੇਜ਼ ਹੋ ਗਏ। ਗੇਂਦ ਵਾਰ-ਵਾਰ ਪਾਕਿਸਤਾਨ ਦੀ ਡੀ 'ਚ ਜਾਣ ਲੱਗੀ। 44ਵੇਂ ਮਿੰਟ 'ਚ ਭਾਰਤ ਨੂੰ ਫਿਰ ਪੈਨਲਟੀ ਕਾਰਨਰ ਮਿਲ ਗਿਆ। ਇਸ ਵਾਰ ਸੁਰਜੀਤ ਸਿੰਘ ਨੇ ਗੋਲ ਦਾ ਫੱਟਾ ਖੜਕਾ ਕੇ ਮੈਚ 1-1 ਦੀ ਬਰਾਬਰੀ 'ਤੇ ਲੈ ਆਂਦਾ। 51ਵੇਂ ਮਿੰਟ 'ਚ ਹਰਚਰਨ ਨੇ ਦੋ ਜਣਿਆਂ ਨੂੰ ਡਾਜ ਮਾਰ ਕੇ ਬਾਲ ਫਿਲਿਪਸ ਵੱਲ ਸੁੱਟਿਆ। ਉਸ ਨੇ ਅਸ਼ੋਕ ਨੂੰ ਪਾਸ ਦਿੱਤਾ ਜਿਸ ਨੇ ਦੂਜਾ ਗੋਲ ਕਰ ਦਿੱਤਾ। ਇੰਜ ਭਾਰਤ 2-1 ਗੋਲਾਂ ਨਾਲ ਵਿਸ਼ਵ ਕੱਪ ਜਿੱਤ ਗਿਆ। ਟੋਕੀਓ ਦੀਆਂ ਓਲੰਪਿਕ ਖੇਡਾਂ ਤੋਂ 11 ਸਾਲ ਬਾਅਦ ਭਾਰਤ ਫਿਰ ਹਾਕੀ ਦਾ ਵਰਲਡ ਚੈਂਪੀਅਨ ਬਣ ਗਿਆ। ਉਦੋਂ ਅਜੀਤਪਾਲ ਦੀ ਮਸ਼ਹੂਰੀ ਸਿਖਰਾਂ ਛੂਹ ਗਈ ਤੇ ਉਸ ਨੂੰ ਵਿਸ਼ਵ ਦਾ ਮਹਾਨ ਖਿਡਾਰੀ ਐਲਾਨਿਆ ਗਿਆ। 1976 ਵਿਚ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਅਜੀਤਪਾਲ ਨੂੰ ਫਿਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ ਪਰ ਉਥੇ ਭਾਰਤੀ ਟੀਮ ਦੀ ਕਾਰਗੁਜ਼ਾਰੀ ਆਸ ਤੋਂ ਕਿਤੇ ਘੱਟ ਰਹੀ ਤੇ ਉਸ ਨੂੰ 7ਵੇਂ ਸਥਾਨ 'ਤੇ ਰਹਿਣ ਦਾ ਸਬਰ ਕਰਨਾ ਪਿਆ। ਉਸ ਪਿੱਛੋਂ ਅਜੀਤਪਾਲ ਨੇ 1980 ਦੇ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਕਰਾਚੀ 'ਚ ਭਾਗ ਲਿਆ ਪਰ ਪਹਿਲਾਂ ਵਾਲੀ ਗੱਲ ਨਾ ਬਣੀ ਤੇ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਕੇ ਦਿੱਲੀ ਦੇ ਪਟਰੋਲ ਪੰਪ ਦੇ ਕਾਰੋਬਾਰ ਵਿਚ ਪੈ ਗਿਆ। ਸਰੀਰ ਨਾਲ ਹਾਕੀ ਖੇਡਣੀ ਭਾਵੇਂ ਉਸ ਨੇ ਛੱਡ ਦਿੱਤੀ ਸੀ ਪਰ ਦਿਲ ਉਸ ਦਾ ਅਜੇ ਵੀ ਹਾਕੀ ਲਈ ਹੀ ਧੜਕਦਾ ਹੈ।

principalsarwansingh@gmail.com

## (ਸੱਜਣ ਪਿਆਰੇ)

ਮੇਰੇ ਹਾਣਦੇ ਲਗਦੇ ਪਿਆਰੇ,
ਲੈਂਦੇ ਜਿੰਦਗੀ ਦੇ ਹੁਲਾਰੇ,
ਲਗਦੇ ਨਹੀਂ ਮੈਨੂੰ ਨਿਆਰੇ,
ਮੇਰੇ ਰੰਗਲੇ ਸੱਜਣ ਪਿਆਰੇ!
ਬਾਗਾਂ ਵਿਚ ਕਰਦੇ ਸੈਰ,
ਮੰਗਦੇ ਸਭਨਾਂ ਦੀ ਖੈਰ,
ਨਹੀਂ ਰੱਖਦੇ ਕੋਈ ਵੈਰ
ਸੱਜਣ ਪਿਆਰੇ ਬਣਾਉਂਦੇ ਲਹਿਰ!
ਔਖੇ ਸਮੇਂ ਇੱਕ ਹੁੰਦੇ,
ਕਿਸੇ ਨਾਲ ਨਹੀਂ ਖਹਿੰਦੇ,
ਪਿਆਰ ਸਤਿਕਾਰ ਵੰਡਦੇ ਰਹਿੰਦੇ,
ਸੱਜਣ ਪਿਆਰੇ ਖੁਸ਼ ਰਹਿੰਦੇ!
ਖਰਚੇ ਦੀ ਪਰਵਾਹ ਨਹੀਂ ਕਰਦੇ,
ਮੋਟੀ ਪੈਨਸ਼ਨ ਨਾਲ ਜੇਬਾਂ ਭਰਦੇ,
ਹਸਦੇ ਖੇਡਦੇ ਸਭ ਮੌਜਾਂ ਕਰਦੇ,
ਸੱਜਣ ਪਿਆਰੇ ਮਜਾਕ ਰਹਿੰਦੇ ਕਰਦੇ!
ਸੱਜਣ ਪਿਆਰੇ ਸਾਰੇ"ਰਾਜ ਚੰਡੀਗੜ" ਦੇ ਯਾਰ,
ਸਭ ਧਰਮਾਂ ਨੂੰ ਕਰਦੇ ਪਿਆਰ,
ਬਣਦੇ ਨਹੀਂ ਪਰਿਵਾਰ ਲਈ ਭਾਰ,
ਸੱਜਣ ਪਿਆਰਿਆਂ ਨੂੰ ਨਮਸਕਾਰ!

ਲੇਖਕ-ਰਾਜਵਿੰਦਰ ਸਿੰਘ ਗੱਡੂ 'ਰਾਜ'










